31-DEC-PAGE-1.qxd 12/30/2023 10:46 PM Page 1

ਐਤਵਾਰ, 31 ਦਸੰਬਰ, 2023
16 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 211

ਨਵਾਂ ਜ਼ਮਾਨਾ

DAILY NAWAN ZAMANA • SUNDAY, 31 DECEMBER, 2023
ਜਲੰਧਰ
nawan zamana TV
ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
E-mail : nawanzamana@gmail.com
www.nawanzamana.in
ਸਫ਼ੇ 8+8=16

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਧੁੰਦ ਨੇ ਲਾਈ ਰਫ਼ਤਾਰ 'ਤੇ ਬਰੇਕ

ਹਿਮਾਚਲ, ਯੂ ਪੀ 'ਚ 5 ਦੀ ਮੌਤ, ਉਡਾਨਾਂ ਤੇ ਰੇਲ ਗੱਡੀਆਂ ਪ੍ਰਭਾਵਿਤ

ਨਵੀਂ ਦਿੱਲੀ : ਉੱਤਰ ਭਾਰਤ 'ਚ ਕੜਾਕੇ ਦੀ ਠੰਢ ਪੈ ਰਹੀ ਹੈ। ਠੰਢ ਕਾਰਨ ਲੋਕ ਕੰਬ ਰਹੇ ਹਨ ਅਤੇ ਸ਼ਹਿਰ ਸੰਘਣੀ ਧੁੰਦ 'ਚ ਡੁੱਬੇ ਹੋਏ ਹਨ। ਤਾਪਮਾਨ ਹੱਡੀਆਂ ਕੰਬਾਉਣ ਵਾਲੇ ਪੱਧਰ 'ਤੇ ਪਹੁੰਚ ਚੁੱਕਾ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਲੋਕਾਂ ਨੂੰ ਸੀਤ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਦੌਰਾਨ ਦਿੱਲੀ ਏਅਰਪੋਰਟ ਦੇ ਸੂਤਰਾਂ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ 8.30 ਆਈ ਜੀ ਆਈ ਏਅਰਪੋਰਟ ਤੋਂ ਜਾਣ ਵਾਲੀਆਂ ਕਰੀਬ 80 ਉਡਾਨਾਂ ਦੇਰੀ ਨਾਲ ਉਡੀਆਂ। ਏਅਰਪੋਰਟ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਖਰਾਬ ਮੌਸਮ ਕਾਰਨ ਉਡਾਨ ਸੇਵਾਵਾਂ 'ਤੇ ਵੱਡਾ ਅਸਰ ਪਿਆ। ਉਥੇ ਹੀ ਕਈ ਰੇਲ ਗੱਡੀਆਂ ਵੀ ਦੇਰੀ ਨਾਲ ਚੱਲ ਰਹੀਆਂ ਹਨ। ਜਾਣਕਾਰੀ ਅਨੁਸਾਰ ਤੇਲੰਗਾਨਾ ਐਕਸਪ੍ਰੈੱਸ 3.40 ਘੰਟੇ, ਪੰਜਾਬ ਮੇਲ 6 .07, ਗੋਰਖਧਾਮ ਐਕਸਪ੍ਰੈੱਸ, ਲਖਨਊ ਮੇਲ, ਦਾਦਰ ਐਕਸਪ੍ਰੈੱਸ, ਬਾਂਦਰਾ-ਸ੍ਰੀਮਾਤਾ ਵੈਸ਼ਨੋ ਦੇਵੀ ਸਮੇਤ ਕਈ ਰੇਲ ਗੱਡੀਆਂ ਸ਼ਾਮਲ ਹਨ। ਜ਼ਿਆਦਾਤਰ ਰੇਲ ਗੱਡੀਆਂ 2 ਘੰਟੇ ਤੋਂ 6 ਘੰਟੇ ਤੱਕ ਦੀ ਦੇਰੀ ਨਾਲ ਚੱਲ ਰਹੀਆਂ। ਹਿਮਾਚਲ ਅਤੇ ਉੱਤਰ ਪ੍ਰਦੇਸ਼ 'ਚ ਧੁੰਦ ਕਾਰਨ ਸੜਕ ਹਾਦਸੇ 'ਚ ਪੰਜ ਲੋਕਾਂ ਦੀ ਮੌਤ ਹੋ ਗਈ। ਮੌਸਮ ਵਿਭਾਗ ਮੁਤਾਬਕ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਉੱਤਰੀ

● ਬਾਕੀ ਸਫ਼ਾ 2 'ਤੇ

ਧੁੰਦ ਕਾਰਨ ਹਰ ਸਾਲ ਔਸਤਨ 18 ਹਜ਼ਾਰ ਮੌਤਾਂ

ਨਵੀਂ ਦਿੱਲੀ : ਉੱਤਰ ਭਾਰਤ 'ਚ ਇਸ ਸਮੇਂ ਕੜਾਕੇ ਦੀ ਠੰਢ ਪੈ ਰਹੀ ਹੈ। ਜੰਮੂ ਕਸ਼ਮੀਰ ਤੋਂ ਲੈ ਕੇ ਦਿੱਲੀ, ਉੱਤਰ ਪ੍ਰਦੇਸ਼, ਉਤਰਾਖੰਡ, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼ ਤੱਕ ਅਸਮਾਨ 'ਚ ਧੁੰਦ ਦੀ ਚਾਦਰ ਵਿਛ ਗਈ ਹੈ। ਸਵੇਰੇ ਜਾਂ ਸਿਰਫ਼ ਰਾਤ ਨੂੰ ਹੀ ਨਹੀਂ, ਬਲਕਿ ਦਿਨ 'ਚ ਵੀ ਮੌਸਮੀ ਧੁੰਦ ਛਾਈ ਰਹਿੰਦੀ ਹੈ। ਧੁੰਦ ਕਾਰਨ ਸੜਕ 'ਤੇ ਵਿਜ਼ੀਬਿਲਟੀ ਬਹੁਤ ਘੱਟ ਹੋ ਜਾਂਦੀ ਹੈ। ਜ਼ਿਆਦਾ ਸੰਘਣੀ ਧੁੰਦ ਕਾਰਨ ਵਿਜ਼ੀਬਿਲਟੀ ਜ਼ੀਰੋ ਵੀ ਹੋ ਜਾਂਦੀ ਹੈ। ਧੁੰਦ ਕਾਰਨ ਸੜਕ ਹਾਦਸਿਆਂ 'ਚ ਮੌਤ ਦਾ ਖ਼ਤਰਾ ਬਾਰਿਸ਼ ਦੇ ਦਿਨਾਂ 'ਚ ਹੋਣ ਵਾਲੀਆਂ ਘਟਨਾਵਾਂ ਤੋਂ ਕਈ ਗੁਣਾ ਜ਼ਿਆਦਾ ਹੋ ਜਾਂਦਾ ਹੈ। ਸੜਕੀ ਆਵਾਜਾਈ ਦੇ ਆਂਕੜਿਆਂ ਅਨੁਸਾਰ ਧੁੰਦ ਕਾਰਨ ਸਾਲ 2022 'ਚ ਸੜਕ ਹਾਦਸਿਆਂ 'ਚ ਮੌਤਾਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 9 ਫੀਸਦੀ ਦਾ ਵਾਧਾ ਹੋਇਆ ਹੈ। 2021 'ਚ 13,372 ਲੋਕਾਂ ਨੇ ਧੁੰਦ ਕਾਰਨ ਸੜਕ ਹਾਦਸਿਆਂ 'ਚ ਜਾਨ ਗੁਆਈ, ਜਦਕਿ 2022 'ਚ ਇਹ ਅੰਕੜਾ ਵਧ ਕੇ 14,583 ਹੋ ਗਿਆ। ਹਾਲਾਂਕਿ ਇਹ ਅੰਕੜਾ 2018 ਅਤੇ 2019 ਦੀ ਤੁਲਨਾ 'ਚ ਘੱਟ ਹੈ। ਜਦ ਕ੍ਰਮਵਾਰ 28,026 ਅਤੇ 33,602 ਲੋਕਾਂ ਦੀ ਸੜਕ ਹਾਦਸੇ 'ਚ ਮੌਤ ਹੋ ਗਈ ਸੀ। ਸੜਕੀ ਆਵਾਜਾਈ ਮੰਤਰਾਲੇ ਨੇ ਸਾਲ 2022 ਦੀ ਤਾਜ਼ਾ ਰਿਪੋਰਟ ਜਾਰੀ ਕੀਤੀ ਹੈ। ਧੁੰਦ ਕਾਰਨ ਸੜਕ ਹਾਦਸੇ 'ਚ ਸਭ ਤੋਂ ਜ਼ਿਆਦਾ ਮੌਤਾਂ ਉਤਰ ਪ੍ਰਦੇਸ਼ 'ਚ ਹੋਈਆਂ। ਇਸ ਤੋਂ ਬਾਅਦ ਬਿਹਾਰ, ਮੱਧ ਪ੍ਰਦੇਸ਼ ਅਤੇ ਤਾਮਿਲਨਾਡੂ 'ਚ ਜ਼ਿਆਦਾ ਮੌਤਾਂ ਦਰਜ ਕੀਤੀਆਂ ਗਈਆਂ। ਅੰਕੜਿਆਂ ਦੀ ਮੰਨੇ ਤਾਂ ਚੇਨਈ ਇਸ ਤਰ੍ਹਾਂ ਸ਼ਹਿਰ ਜਿੱਥੇ ਧੁੰਦ ਕਾਰਨ ਸੜਕ ਹਾਦਸਿਆਂ 'ਚ ਸਭ ਤੋਂ ਵੱਧ 135 ਮੌਤਾਂ ਦਰਜ ਕੀਤੀਆਂ ਗਈਆਂ, ਜਦਕਿ 132, ਅੰਮ੍ਰਿਤਸਰ ਅਤੇ ਆਗਰਾ ਕ੍ਰਮਵਾਰ 120 ਅਤੇ 102 ਮੌਤਾਂ ਦਰਜ ਕੀਤੀਆਂ ਗਈਆਂ।

ਮਨੁੱਖੀ ਤਸਕਰੀ ਦੇ ਮਾਮਲੇ ਦੀ ਜਾਂਚ ਲਈ ਸਿੱਟ ਕਾਇਮ

ਚੰਡੀਗੜ੍ਹ (ਗੁਰਜੀਤ ਬਿੱਲਾ)
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬਿਊਰੋ ਆਫ਼ ਇਨਵੈਸਟੀਗੇਸ਼ਨ (ਬੀ ਓ ਆਈ) ਦੇ ਡਾਇਰੈਕਟਰ ਐੱਲ ਕੇ ਯਾਦਵ ਵੱਲੋਂ ਸ਼ਨੀਵਾਰ ਨਿਕਾਰਾਗੁਆ ਮਨੁੱਖੀ ਤਸਕਰੀ ਮਾਮਲੇ ਵਿੱਚ ਮਨੁੱਖੀ ਤਸਕਰੀ ਸੰਬੰਧੀ ਜਾਂਚ ਲਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦਾ ਗਠਨ ਕੀਤਾ ਗਿਆ ਹੈ। ਇਸ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਐੱਸ ਪੀ ਇਨਵੈਸਟੀਗੇਸ਼ਨ ਫਿਰੋਜ਼ਪੁਰ ਰਣਧੀਰ ਕੁਮਾਰ ਕਰ ਰਹੇ ਹਨ, ਜਦਕਿ ਇਸ ਦੇ ਤਿੰਨ ਮੈਂਬਰਾਂ ਵਿੱਚ ਏ ਸੀ ਪੀ ਸਿਵਲ ਲਾਈਨ ਲੁਧਿਆਣਾ ਜਸਰੂਪ ਕੌਰ ਬਾਠ, ਡੀ ਐੱਸ ਪੀ ਇਨਵੈਸਟੀਗੇਸ਼ਨ ਫਿਰੋਜ਼ਪੁਰ ਬਲਕਾਰ ਸਿੰਘ ਸੰਧੂ ਅਤੇ ਡੀ ਐੱਸ ਪੀ ਹੈੱਡਕੁਆਰਟਰ ਪਟਿਆਲਾ ਦਲਬੀਰ ਸਿੰਘ ਸਿੱਧੂ ਸ਼ਾਮਲ ਹਨ। ਐੱਸ ਆਈ ਟੀ ਨੂੰ ਜਲਦ ਤੋਂ ਜਲਦ ਅੰਤਮ ਰਿਪੋਰਟ ਸਮਰੱਥ ਅਦਾਲਤ ਕੋਲ ਸੌਂਪਣ ਲਈ ਕਿਹਾ ਗਿਆ ਹੈ। ਇਸ ਕੇਸ ਵਿੱਚ ਸਹਾਇਤਾ ਲਈ ਐੱਸ ਆਈ ਟੀ ਵੱਲੋਂ ਕਿਸੇ ਹੋਰ ਅਧਿਕਾਰੀ/ਕਰਮਚਾਰੀ ਦਾ ਵੀ ਸਹਿਯੋਗ ਲਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਨਿਕਾਰਾਗੁਆ ਮਨੁੱਖੀ ਤਸਕਰੀ ਮਾਮਲੇ ਸੰਬੰਧੀ ਵੱਖ-ਵੱਖ ਅਖਬਾਰਾਂ ਵਿੱਚ ਖ਼ਬਰਾਂ ਛਪੀਆਂ ਸਨ, ਜਿਸ ਵਿੱਚ 303 ਭਾਰਤੀ ਯਾਤਰੀਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬ ਅਤੇ ਗੁਜਰਾਤ ਨਾਲ ਸੰਬੰਧਤ ਸਨ, ਨੂੰ ਫਰਾਂਸੀਸੀ ਅਧਿਕਾਰੀਆਂ ਵੱਲੋਂ ਹਿਰਾਸਤ ਵਿਚ ਲਿਆ ਗਿਆ ਹੈ।

ਰਾਜਸਥਾਨ 'ਚ ਮੰਤਰੀ ਮੰਡਲ ਦਾ ਗਠਨ

ਜੈਪੁਰ : ਰਾਜਸਥਾਨ 'ਚ ਆਖਿਰਕਾਰ ਭਾਜਨ ਲਾਲ ਸਰਕਾਰ ਦੇ ਮੰਤਰੀ ਮੰਡਲ ਦਾ ਵਿਸਥਾਰ ਹੋ ਗਿਆ। ਸ਼ਨੀਵਾਰ ਨੂੰ ਰਾਜਧਾਨੀ ਜੈਪੁਰ 'ਚ ਰਾਜ ਭਵਨ 'ਚ ਹੋਏ ਸਹੁੰ ਚੁੱਕ ਸਮਾਗਮ 'ਚ 22 ਮੰਤਰੀਆਂ ਨੂੰ ਸਹੁੰ ਦਿਵਾਈ ਗਈ। ਇਨ੍ਹਾਂ 'ਚ 12 ਕੈਬਨਿਟ, ਪੰਜ ਸੁਤੰਤਰ ਚਾਰਜ ਵਾਲੇ ਰਾਜ ਮੰਤਰੀ ਅਤੇ ਪੰਜ ਰਾਜ ਮੰਤਰੀ ਬਣਾਏ ਗਏ ਹਨ। ਹੁਣ ਭਜਨ ਲਾਲ ਕੈਬਨਿਟ 'ਚ ਕੁੱਲ 25 ਮੈਂਬਰ ਹੋ ਗਏ ਹਨ, 22 ਮੰਤਰੀਆਂ ਤੋਂ ਇਲਾਵਾ ਇੱਕ ਮੁੱਖ ਮੰਤਰੀ ਭਜਨ ਲਾਲ ਅਤੇ ਦੋ ਡਿਪਟੀ ਮੁੱਖ ਮੰਤਰੀ ਦੀਆ ਕੁਮਾਰੀ ਅਤੇ ਪ੍ਰੇਮਚੰਦ ਬੈਰਵਾ ਸ਼ਾਮਲ ਹਨ। ਹਾਲੇ ਵੀ ਮੰਤਰੀ ਮੰਡਲ 'ਚ ਪੰਜ ਸਥਾਨ ਖਾਲੀ ਰੱਖੇ ਗਏ ਹਨ। ਰਾਜਸਥਾਨ ਵਿਧਾਨਸਭਾ 'ਚ 200 ਸੀਟਾਂ ਹਨ। ਨਿਯਮ ਅਨੁਸਾਰ ਉਨ੍ਹਾਂ 'ਚ 15 ਫੀਸਦੀ ਮਤਲਬ 30 ਮੰਤਰੀ ਬਣਾਏ ਜਾ ਸਕਦੇ ਹਨ।

ਅਯੁੱਧਿਆ ਰੇਲਵੇ ਸਟੇਸ਼ਨ ਦਾ ਉਦਘਾਟਨ

ਅਯੁੱਧਿਆ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨੀਵਾਰ ਸਵੇਰੇ ਭਗਵਾਨ ਰਾਮ ਦੀ ਜਨਮ ਭੂਮੀ ਅਯੁੱਧਿਆ ਪਹੁੰਚੇ, ਜਿੱਥੇ ਉਨ੍ਹਾਂ ਦਾ ਹਵਾਈ ਅੱਡੇ 'ਤੇ ਉੱਤਰ ਪ੍ਰਦੇਸ਼ ਦੀ ਰਾਜਪਾਲ ਆਨੰਦੀਬੇਨ ਪਟੇਲ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਸਮੇਤ ਕਈ ਪ੍ਰਮੁੱਖ ਨੇਤਾਵਾਂ ਨੇ ਸਵਾਗਤ ਕੀਤਾ। ਮੋਦੀ ਨੇ ਮੁੜ ਵਿਕਸਤ ਅਯੁੱਧਿਆ ਰੇਲਵੇ ਸਟੇਸ਼ਨ ਦਾ ਉਦਘਾਟਨ ਕੀਤਾ ਤੇ ਉਹਨਾਂ ਦੋ ਨਵੀਆਂ ਅੰਮ੍ਰਿਤ ਭਾਰਤ ਅਤੇ ਛੇ ਨਵੀਆਂ ਵੰਦੇ ਭਾਰਤ ਰੇਲ ਗੱਡੀਆਂ ਨੂੰ ਹਰੀ ਝੰਡੀ ਦਿੱਤੀ। ਇਸ ਤੋਂ ਬਾਅਦ ਅਯੁੱਧਿਆ ਹਵਾਈ ਅੱਡੇ ਦਾ ਉਦਘਾਟਨ ਕੀਤਾ।

ਹੇਮੰਤ ਸੋਰੇਨ ਨੂੰ ਈ ਡੀ ਨੇ ਸੱਤਵੀਂ ਵਾਰ ਭੇਜਿਆ ਸੰਮਨ

ਨਵੀਂ ਦਿੱਲੀ : ਈ ਡੀ ਨੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਰਾਂਚੀ ਜ਼ਮੀਨ ਘੋਟਾਲੇ 'ਚ ਸੱਤਵੀਂ ਵਾਰ ਸੰਮਨ ਭੇਜਿਆ ਹੈ। ਏਜੰਸੀ ਨੇ ਇਸ ਨੂੰ ਆਖਰੀ ਸੰਮਨ ਦੱਸਦੇ ਹੋਏ ਉਨ੍ਹਾ ਨੂੰ ਸੱਤ ਦਿਨਾ ਦੇ ਅੰਦਰ ਬਿਆਨ ਦਰਜ ਕਰਾਉਣ ਨੂੰ ਕਿਹਾ ਹੈ। ਮੁੱਖ ਮੰਤਰੀ ਨੂੰ ਭੇਜੇ ਗਏ ਪੱਤਰ 'ਚ ਈ ਡੀ ਨੇ ਕਿਹਾ ਕਿ ਉਹ ਦੋ ਦਿਨਾ ਦੇ ਅੰਦਰ ਇੱਕ ਜਗ੍ਹਾ ਤੈਅ ਕਰਕੇ ਸੂਚਿਤ ਕਰਨ, ਜਿੱਥੇ ਉਨ੍ਹਾ ਦਾ ਬਿਆਨ ਦਰਜ ਕੀਤਾ ਜਾ ਸਕੇ। ਇਹ ਜਗ੍ਹਾ ਦੋਵਾਂ ਪੱਖਾਂ ਲਈ ਉਪਯੁਕਤ ਹੋਣੀ ਚਾਹੀਦੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਈ ਡੀ ਨੇ ਮੁੱਖ ਮੰਤਰੀ ਸੋਰੇਨ ਨੂੰ ਛੇ ਵਾਰ ਸੰਮਨ ਜਾਰੀ ਕਰ ਏਜੰਸੀ ਨੇ ਰਾਂਚੀ ਸਥਿਤ ਜ਼ੋਨਲ ਦਫ਼ਤਰ 'ਚ ਮੌਜੂਦ ਹੋਣ ਨੂੰ ਕਿਹਾ ਸੀ। ਉਨ੍ਹਾ ਨੂੰ 14 ਅਗਸਤ 2023 ਨੂੰ ਪਹਿਲੀ ਵਾਰ ਪੁੱਛਗਿੱਛ ਲਈ ਬੁਲਾਇਆ ਗਿਆ ਸੀ। ਇਸ ਤੋਂ ਬਾਅਦ 24 ਅਗਸਤ, 9 ਸਤੰਬਰ, 23 ਸਤੰਬਰ, 4 ਅਕਤੂਬਰ ਅਤੇ 12 ਦਸੰਬਰ ਨੂੰ ਉਪਸਥਿਤ ਹੋਣ ਲਈ ਸੰਮਨ ਭੇਜਿਆ ਗਿਆ ਸੀ। ਮੁੱਖ ਮੰਤਰੀ ਇਨ੍ਹਾਂ 'ਚੋਂ ਕਿਸੇ ਸੰਮਨ 'ਤੇ ਹਾਜ਼ਰ ਨਹੀਂ ਹੋਏ।

ਅਮਰੀਕਾ 'ਚ 40 ਕਰੋੜ ਦੀ ਹਵੇਲੀ 'ਚ ਮ੍ਰਿਤਕ ਮਿਲਿਆ ਭਾਰਤੀ ਜੋੜਾ

ਵਾਸ਼ਿੰਗਟਨ : ਅਮਰੀਕਾ ਦੇ ਮੈਸਾਚੁਸੇਟਸ 'ਚ ਭਾਰਤੀ ਪਿਛੋਕੜ ਦੇ ਇੱਕ ਜੋੜੇ ਦੀ ਲਾਸ਼ 18 ਸਾਲਾ ਬੇਟੀ ਦੇ ਨਾਲ ਉਸ ਦੇ ਹੀ 5 ਮਿਲੀਅਨ ਅਮਰੀਕੀ ਡਾਲਰ ਮਤਲਬ 41 ਕਰੋੜ ਰੁਪਏ ਦੀ ਹਵੇਲੀ 'ਚ ਮਿਲੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸ਼ੁਰੂਆਤੀ ਜਾਂਚ 'ਚ ਇਹ ਘਰੇਲੂ ਹਿੰਸਾ ਦਾ ਮਾਮਲਾ ਲੱਗਦਾ ਹੈ। ਮੈਸਾਚੁਸੇਟਸ ਦੇ ਨਾਰਫਾਕ ਜ਼ਿਲ੍ਹਾ ਅਟਾਰਨੀ ਮਾਈਕਲ ਮਾਰੀਸਿਸ ਮੁਤਾਬਿਕ 57 ਸਾਲਾ ਰਾਕੇਸ਼ ਕਮਲ, ਉਨ੍ਹਾ ਦੀ 54 ਸਾਲਾ ਪਤਨੀ ਟੀਨਾ ਅਤੇ 18 ਸਾਲਾ ਬੇਟੀ ਏਰੀਆਨਾ ਦੀਆਂ ਲਾਸ਼ਾਂ ਵੀਰਵਾਰ ਸ਼ਾਮ ਲੱਗਭੱਗ 7.30 ਉਨ੍ਹਾ ਦੀ ਡੋਵਰ ਹਵੇਲੀ 'ਚ ਮਿਲੀਆਂ। ਡੋਵਰ ਬੋਸਟਨ ਸ਼ਹਿਰ ਤੋਂ ਲੱਗਭੱਗ 32 ਕਿਲੋਮੀਟਰ ਦੱਖਣ ਪੱਛਮ 'ਚ ਸਥਿਤ ਹੈ। ਜ਼ਿਲ੍ਹਾ ਅਟਾਰਨੀ ਨੇ ਇਸ ਘਟਨਾ ਨੂੰ ਘਰੇਲੂ ਹਿੰਸਾ ਦੀ ਸਥਿਤੀ ਦੇ ਰੂਪ 'ਚ ਦੱਸਿਆ ਹੈ। ਉਨ੍ਹਾ ਕਿਹਾ ਕਿ ਪਤੀ ਦੀ ਲਾਸ਼ ਕੋਲ ਇੱਕ ਬੰਦੂਕ ਵੀ ਮਿਲੀ ਹੈ। ਜ਼ਿਲ੍ਹਾ ਅਟਾਰਨੀ ਨੇ ਕਿਹਾ ਕਿ ਉਨ੍ਹਾ ਦੇ ਮਰਨ ਦੀ

● ਬਾਕੀ ਸਫ਼ਾ 2 'ਤੇ

ਭਾਰਤ ਨੇ ਕੈਨੇਡਾ ਰਹਿ ਰਹੇ ਲਖਬੀਰ ਸਿੰਘ ਲੰਡਾ ਨੂੰ ਅੱਤਵਾਦੀ ਕਰਾਰ ਦਿੱਤਾ

ਨਵੀਂ ਦਿੱਲੀ : ਗ੍ਰਹਿ ਮੰਤਰਾਲੇ ਨੇ ਕੈਨੇਡਾ ਆਧਾਰਿਤ ਗੈਂਗਸਟਰ ਲਖਬੀਰ ਸਿੰਘ ਲੰਡਾ ਨੂੰ ਅੱਤਵਾਦੀ ਐਲਾਨ ਦਿੱਤਾ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਮੁਤਾਬਕ ਲੰਡਾ (34), ਜੋ ਹਰੀਕੇ, ਜ਼ਿਲ੍ਹਾ ਤਰਨ ਤਾਰਨ, ਪੰਜਾਬ ਦਾ ਵਸਨੀਕ ਹੈ ਅਤੇ ਮੌਜੂਦਾ ਸਮੇਂ ਕੈਨੇਡਾ ਦੇ ਐਡਮਿੰਟਨ ਵਿੱਚ ਰਹਿ ਰਿਹਾ ਹੈ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਨਾਲ ਸਬੰਧਤ ਹੈ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਸੂਚਨਾ ਅਨੁਸਾਰ ਲਖਬੀਰ ਸਿੰਘ ਲੰਡਾ 'ਤੇ ਦੋਸ਼ ਹੈ ਕਿ ਉਸ ਨੇ ਮੋਹਾਲੀ 'ਚ ਪੁਲਸ ਇੰਟੈਲੀਜੈਂਸੀ ਹੈੱਡਕੁਆਰਟਰ 'ਤੇ ਰਾਕੇਟ ਦੀ ਮਦਦ ਨਾਲ ਗਰਨੇਡ ਹਮਲਾ ਕਰਵਾਇਆ ਸੀ। ਇਸ ਤੋਂ ਇਲਾਵਾ ਉਸ 'ਤੇ ਇਹ ਵੀ ਦੋਸ਼ ਹੈ ਕਿ ਉਹ ਪਾਕਿਸਤਾਨ ਤੋਂ ਭਾਰਤ 'ਚ ਹਥਿਆਰਾਂ ਦੀ ਤਸਕਰੀ ਕਰਦਾ ਹੈ। ਲਖਬੀਰ ਸਿੰਘ ਲੰਡਾ ਨੂੰ ਮੋਹਾਲੀ 'ਚ ਪਿਛਲੇ 9 ਸਾਲ 9 ਮਈ ਨੂੰ ਪੰਜਾਬ ਪੁਲਸ ਦੇ ਖੁਫ਼ੀਆ ਮੁੱਖ ਦਫ਼ਤਰ 'ਤੇ ਹੋਏ ਹਮਲੇ ਦਾ ਮਾਸਟਰ ਮਾਈਂਡ ਵੀ ਮੰਨਿਆ ਜਾਂਦਾ ਹੈ। ਇਸ ਹਮਲੇ ਤੋਂ ਬਾਅਦ ਲਖਬੀਰ ਸਿੰਘ ਲੰਡਾ 'ਤੇ ਪੰਜਾਬ ਪੁਲਸ ਅਤੇ ਰਾਸ਼ਟਰੀ ਜਾਂਚ ਏਜੰਸੀ ਵੱਲੋਂ ਮੋਸਟ ਵਾਂਟਿਡ ਅੱਤਵਾਦੀ ਐਲਾਨ ਕੀਤਾ ਗਿਆ ਅਤੇ ਐੱਨ ਆਈ ਏ ਨੇ ਇਸ 'ਤੇ ਇਨਾਮ ਵੀ ਰੱਖਿਆ ਸੀ।

24 ਦੀਆਂ ਚੋਣਾਂ 'ਚ ਭਗਵਾਨ ਰਾਮ ਨੂੰ ਆਪਣਾ ਉਮੀਦਵਾਰ ਐਲਾਨ ਸਕਦੀ ਭਾਜਪਾ : ਸੰਜੈ ਰਾਊਤ

ਨਵੀਂ ਦਿੱਲੀ : ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਨੇਤਾ ਸੰਜੈ ਰਾਊਤ ਨੇ ਸ਼ਨੀਵਾਰ ਨੂੰ ਭਾਜਪਾ 'ਤੇ ਰਾਮ ਮੰਦਰ 'ਤੇ ਰਾਜਨੀਤੀ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾ ਨੇ ਤਨਜ਼ ਕਰਦੇ ਹੋਏ ਕਿਹਾ ਕਿ ਭਾਜਪਾ 2024 ਲੋਕ ਸਭਾ ਚੋਣਾਂ ਲਈ ਭਗਵਾਨ ਰਾਮ ਨੂੰ ਆਪਣਾ ਉਮੀਦਵਾਰ ਐਲਾਨ ਸਕਦੀ ਹੈ। ਸੰਜੈ ਰਾਊਤ ਨੇ ਕਿਹਾ, 'ਹੁਣ ਸਿਰਫ਼ ਇੱਕ ਚੀਜ਼ ਬਚੀ ਹੈ ਕਿ ਭਾਜਪਾ ਐਲਾਨ ਕਰੇਗੀ ਕਿ ਭਗਵਾਨ ਰਾਮ ਚੋਣਾਂ 'ਚ ਉਨ੍ਹਾ ਦੇ ਉਮੀਦਵਾਰ ਹੋਣਗੇ। ਭਗਵਾਨ ਰਾਮ ਦੇ ਨਾਂਅ 'ਤੇ ਰਾਜਨੀਤੀ ਕੀਤੀ ਜਾ ਰਹੀ ਹੈ।' ਸੰਜੈ ਰਾਊਤ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ 22 ਜਨਵਰੀ ਨੂੰ ਅਯੋਧਿਆ 'ਚ ਰਾਮ ਮੰਦਰ ਦਾ ਉਦਘਾਟਨ ਇੱਕ ਭਾਜਪਾ ਦਾ ਪ੍ਰੋਗਰਾਮ ਹੈ, ਨਾ ਕਿ ਕੋਈ ਰਾਸ਼ਟਰੀ ਪ੍ਰੋਗਰਾਮ। ਉਨ੍ਹਾ ਤੋਂ ਪੁੱਛਿਆ ਗਿਆ ਕਿ ਸ਼ਿਵਸੈਨਾ ਪ੍ਰਮੁੱਖ ਊਧਵ ਠਾਕਰੇ ਸਮਾਰੋਹ 'ਚ ਹਿੱਸਾ ਲੈਣਗੇ? ਸੰਜੈ ਰਾਊਤ ਨੇ ਇਸ ਦੇ ਜਵਾਬ 'ਚ ਕਿਹਾ, 'ਊਧਵ ਠਾਕਰੇ ਨਿਸ਼ਚਿਤ ਰੂਪ 'ਚ ਜਾਣਗੇ, ਪਰ ਭਾਜਪਾ ਦਾ ਪ੍ਰੋਗਰਾਮ ਖ਼ਤਮ ਹੋਣ ਤੋਂ ਬਾਅਦ।' ਕਿਸੇ ਨੂੰ ਭਾਜਪਾ ਦੇ ਪ੍ਰੋਗਰਾਮ 'ਚ ਕੀ ਜਾਣਾ ਚਾਹੀਦਾ? ਇਹ ਕੋਈ ਰਾਸ਼ਟਰੀ ਪ੍ਰੋਗਰਾਮ ਨਹੀਂ ਹੈ। ਭਾਜਪਾ ਇਸ ਸਮਾਰੋਹ ਲਈ ਖੂਬ ਰੈਲੀਆਂ ਅਤੇ ਪ੍ਰਚਾਰ ਕਰ ਰਹੀ ਹੈ

31-DEC-PAGE-1.qxd 12/30/2023 10:48 PM Page 2

ਡਾ. ਪਿਆਰੇ ਲਾਲ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਦੇਸ਼ ਭਗਤ ਯੂਨੀਵਰਸਿਟੀ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਐਚ.ਓ.ਡੀ/ਲਾਇਬ੍ਰੇਰੀਅਨ ਪ੍ਰੋ. (ਡਾ.) ਪਿਆਰੇ ਲਾਲ ਨੂੰ ਡਿਜ਼ੀਟਲ ਟ੍ਰਾਂਸਫਾਰਮੇਸ਼ਨ 'ਤੇ ਤੀਜੀ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਐਸੋਸੀਏਸ਼ਨ ਆਫ ਇੰਡੀਅਨ ਲਾਅ ਲਾਇਬ੍ਰੇਰੀਜ (ਏ.ਆਈ.ਐਲ.ਐਲ.) ਦੁਆਰਾ 'ਲਾਈਫਟਾਈਮ ਅਚੀਵਮੈਂਟ ਐਵਾਰਡ-2023' ਨਾਲ ਸਨਮਾਨਤ ਕੀਤਾ ਗਿਆ। ਇਹ ਐਵਾਰਡ ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ, ਸੈਕਟਰ-14, ਦਵਾਰਕਾ, ਨਵੀਂ ਦਿੱਲੀ ਵੱਲੋਂ 3-4 ਨਵੰਬਰ ਨੂੰ ਕਰਾਏ ਡਿਜ਼ੀਟਲ ਪਾਥਵੇਅ ਰਾਹੀਂ ਸਿੱਖਿਆ 4.0 ਅਤੇ ਬਾਇਓਂਡ ਡਾਇਨਾਮਿਕਸ ਆਫ ਲਰਨਿੰਗ ਕਾਨਫਰੰਸ ਵਿੱਚ ਦਿੱਤਾ ਗਿਆ। ਡਾ. ਜੋਰਾ ਸਿੰਘ ਚਾਂਸਲਰ, ਦੇਸ ਭਗਤ ਯੂਨੀਵਰਸਿਟੀ ਨੇ ਡਾ. ਪਿਆਰੇ ਲਾਲ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ।

ਚੇਅਰਮੈਨ ਅਨਿਲ ਠਾਕੁਰ ਨੇ ਕੀਤਾ ਆਈ ਐੱਚ ਐੱਮ ਦਾ ਦੌਰਾ

ਸੰਗਤ ਮੰਡੀ (ਰਾਜਦੀਪ ਜੋਸ਼ੀ)- ਚੇਅਰਮੈਨ ਪੰਜਾਬ ਟ੍ਰੇਡਰਜ਼ ਕਮਿਸ਼ਨ ਸ੍ਰੀ ਅਨਿਲ ਠਾਕੁਰ ਨੇ ਸਥਾਨਕ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ (ਆਈ ਐੱਚ ਐੱਮ) ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਨੌਜਵਾਨ ਇੱਥੋਂ ਹੋਟਲ ਮੈਨੇਜਮੈਂਟ ਸਬੰਧੀ ਵੱਖ-ਵੱਖ ਕੋਰਸ ਕਰਕੇ ਸਵੈ-ਰੋਜ਼ਗਾਰ ਦੇ ਕਾਬਲ ਬਣ ਸਕਦੇ ਹਨ। ਇਸ ਦੌਰਾਨ ਚੇਅਰਮੈਨ ਪੰਜਾਬ ਟ੍ਰੇਡਰਜ਼ ਕਮਿਸ਼ਨ ਸ੍ਰੀ ਅਨਿਲ ਠਾਕੁਰ ਵੱਲੋਂ ਇੰਸਟੀਚਿਊਟ ਨਾਲ ਸਬੰਧਤ ਸਮੱਸਿਆਵਾਂ ਵੀ ਸੁਣੀਆਂ। ਉਨ੍ਹਾਂ ਵੱਲੋਂ ਕਾਲਜ ਨਾਲ ਸਬੰਧਤ ਸੀਵਰੇਜ ਤੇ ਹੋਰ ਸਮੱਸਿਆਵਾਂ ਦੇ ਨਿਪਟਾਰੇ ਲਈ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨੂੰ ਹੱਲ ਲਈ ਆਦੇਸ਼ ਦਿੱਤੇ। ਉਨ੍ਹਾਂ ਵਣ ਵਿਭਾਗ ਤੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਕਿਹਾ ਕਿ ਕਾਲਜ ਦੀ ਸੁੰਦਰਤਾ ਤੇ ਵਾਤਾਵਰਣ ਦੀ ਸ਼ੁੱਧਤਾ ਦੇ ਮੱਦੇਨਜ਼ਰ ਫਲਦਾਰ ਤੇ ਫੁੱਲਦਾਰ ਪੌਦੇ ਲਗਵਾਉਣੇ ਯਕੀਨੀ ਬਣਾਏ ਜਾਣ। ਇਸ ਮੌਕੇ ਆਈ ਐੱਚ ਐੱਮ ਦੇ ਸੀਨੀਅਰ ਲੈਕਚਰਾਰ ਸ਼੍ਰੀ ਆਸ਼ੀਸ਼ ਨਾਥੁੰਜ, ਪੰਜਾਬ ਹੋਟਲ, ਰੈਸਟੋਰੈਂਟ ਤੇ ਰੀਜ਼ੋਰਟ ਦੇ ਪ੍ਰਧਾਨ ਸਤੀਸ਼ ਅਰੋੜਾ ਤੋਂ ਇਲਾਵਾ ਕਾਲਜ ਸਟਾਫ਼ ਹਾਜ਼ਰ ਰਿਹਾ।

ਸ਼ਰਧਾਲੂਆਂ ਦਾ ਸਾਮਾਨ ਚੋਰੀ ਕਰਨ ਦੇ ਦੋਸ਼ 'ਚ ਚਾਰ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਸ਼ਹੀਦੀ ਸਭਾ ਦੌਰਾਨ ਸ਼ਰਧਾਲੂਆਂ ਦਾ ਸਾਮਾਨ ਚੋਰੀ ਕਰਨ ਦੇ ਦੋਸ਼ ਹੇਠ ਪੁਲਸ ਵੱਲੋਂ ਚਾਰ ਵਿਅਕਤੀਆਂ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਆਈ.ਏ. ਸਟਾਫ ਦੇ ਕਰਮਚਾਰੀਆਂ ਵੱਲੋਂ ਜਰਨੈਲ ਸਿੰਘ ਵਾਸੀ ਅੰਮ੍ਰਿਤਸਰ, ਦੀਪਕ ਸਾਨੂੰ ਵਾਸੀ ਹੁਸ਼ਿਆਰਪੁਰ, ਬਲਕਾਰ ਸਿੰਘ ਵਾਸੀ ਪਿੰਡ ਕੋਟ ਗੁਰੂ (ਬਠਿੰਡਾ) ਤੇ ਸਚਿਨ ਵਾਸੀ ਸਰਹਿੰਦ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਕੋਲੋਂ ਚੋਰੀਸ਼ੁਦਾ ਮੋਬਾਈਲ ਫੋਨ, ਮੋਬਾਈਲ ਵਾਲੀ ਘੜੀ, ਬੈਗ ਤੇ ਨਕਦੀ ਵੀ ਬਰਾਮਦ ਹੋਣ ਦੀ ਸੂਚਨਾ ਹੈ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਉਪਰੋਕਤ ਚਾਰੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਸੀ.ਆਈ.ਏ. ਦੇ ਸਹਾਇਕ ਥਾਣੇਦਾਰ ਰੁਪਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਪਾਠ ਕਰਾਏ

ਜਗਰਾਓਂ (ਨਛੱਤਰ ਸੰਧੂ)- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ, ਸਿੱਧਵਾਂ ਬੇਟ, ਜੋ ਸਕੂਲ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਕਰਵਾਉਂਦੀ ਰਹਿੰਦੀ ਹੈ, ਇਸੇ ਲੜੀ ਤਹਿਤ ਅੱਜ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਕੈਂਪਸ ਵਿਖੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਜੀ ਦੀ ਲਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਸ੍ਰੀ ਜਪੁ ਜੀ ਸਾਹਿਬ, ਸ੍ਰੀ ਚੌਪਈ ਸਾਹਿਬ, ਸ੍ਰੀ ਅਨੰਦ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਸਮੇਂ ਪ੍ਰਿੰਸੀਪਲ ਮੈਡਮ ਮਿਸਿਜ਼ ਮੋਨਾ ਠਾਕੁਰ ਨੇ ਦੱਸਿਆ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਠੰਡੇ ਬੁਰਜ ਵਿੱਚ ਰੱਖਣ ਤੋਂ ਬਾਅਦ ਅੱਜ ਦੇ ਦਿਨ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ। ਅੰਤ ਵਿੱਚ ਸਰਬੱਤ ਦਾ ਭਲਾ ਮੰਗਦੇ ਹੋਏ ਅਰਦਾਸ ਕਰਨ ਉਪਰੰਤ ਪ੍ਰਿੰਸੀਪਲ, ਮੈਨੇਜਮੈਂਟ ਸਮੂਹ ਅਧਿਆਪਕਾਂ, ਡਰਾਈਵਰਾਂ, ਹੈਲਪਰਾਂ ਤੇ ਸਫਾਈ ਸਵੇਕਾਂ ਨੂੰ ਕੜਾਹ ਪ੍ਰਸਾਦਿ ਦੀ ਦੇਗ ਵਰਤਾਈ ਗਈ। ਇਸ ਸਮੇਂ ਸਮੂਹ ਮੈਨੇਜਮੈਂਟ ਮੈਂਬਰ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਮੈਨੇਜਰ ਗਗਨਦੀਪ ਬਾਵਾ ਹਾਜ਼ਰ ਸਨ।

ਲਾਇਨਜ਼ ਕਲੱਬ ਰਾਇਲ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅਪ/ਅਪ੍ਰੇਸ਼ਨ ਕੈਂਪ

ਕੋਟਕਪੂਰਾ (ਰਛਪਾਲ ਭੁੱਲਰ)-ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਥਾਨਕ ਗੁਰਦਵਾਰਾ ਪਾਤਸ਼ਾਹੀ ਦਸਵੀਂ ਵਿਖੇ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਗੁਰਬਾਣੀ ਕੀਰਤਨ ਉਪਰੰਤ ਅਰਦਾਸ ਬੇਨਤੀ ਕਰਕੇ ਪਵਿੱਤਰ ਹੁਕਮਨਾਮਾ ਲਿਆ ਗਿਆ। ਉਪਰੰਤ ਕਲੱਬ ਵੱਲੋਂ ਗੁਰਦਵਾਰਾ ਸਾਹਿਬ ਵਿੱਚ ਇੱਕ ਵਿਸ਼ਾਲ ਅੱਖਾਂ ਦਾ ਚੈੱਕਅਪ/ਆਪ੍ਰੇਸ਼ਨ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਕਲੱਬ ਦੇ ਪ੍ਰਧਾਨ ਦੀਦਾਰ ਸਿੰਘ ਨੇ ਰਿਬਨ ਕੱਟ ਕੇ ਕੀਤਾ, ਜਦਕਿ ਅੱਖਾਂ ਦੇ ਮਾਹਰ ਡਾ. ਭੰਵਰਜੋਤ ਸਿੰਘ ਸਿੱਧੂ ਵੱਲੋਂ ਆਪਣੀ ਟੀਮ ਨਾਲ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਕਲੱਬ ਦੇ ਪੀ ਆਰ ਓ ਅਸ਼ੋਕ ਸੇਠੀ ਸਮੇਤ ਸੁਖਵਿੰਦਰ ਸਿੰਘ ਪੱਪੂ ਨੰਬਰਦਾਰ, ਸੁਰਜੀਤ ਸਿੰਘ ਘੁਲਿਆਣੀ, ਭੁਪਿੰਦਰ ਸਿੰਘ ਤੇ ਮਨਜੀਤ ਸਿੰਘ ਨੇ ਦੱਸਿਆ ਕਿ 601 ਮਰੀਜ਼ਾਂ ਦਾ ਚੈੱਕਅਪ, 486 ਮਰੀਜ਼ਾਂ ਨੂੰ ਮੁਫਤ ਦਵਾਈਆਂ, 286 ਨੂੰ ਐਨਕਾਂ ਤੇ 53 ਦੀ ਸ਼ੂਗਰ ਚੈੱਕ ਕਰਨ ਉਪਰੰਤ 19 ਮਰੀਜ਼ ਅੱਖਾਂ ਦੇ ਅਪ੍ਰੇਸ਼ਨ ਲਈ ਚੁਣੇ ਗਏ, ਜਿਨ੍ਹਾਂ ਦੇ ਲਾਇਨਜ਼ ਆਈ ਕੇਅਰ ਸੈਂਟਰ ਜੈਤੋ ਵਿਖੇ ਲੈਂਜ ਪਵਾਏ ਗਏ। ਉਨ੍ਹਾਂ ਦੱਸਿਆ ਕਿ ਉਕਤ ਕੈਂਪ ਵਿੱਚ ਜੈਤੋ, ਸਮਾਲਸਰ, ਬਰਗਾੜੀ, ਬਾਜਾਖਾਨਾ, ਫਰੀਦਕੋਟ, ਮੋਗਾ, ਬਰਨਾਲਾ, ਬਠਿੰਡਾ, ਬਰੀਵਾਲਾ, ਅੰਮ੍ਰਿਤਸਰ ਆਦਿ ਤੋਂ ਵੀ ਮਰੀਜ਼ਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕਲੱਬ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ ਗੁਰਤੇਜ ਸਿੰਘ ਬਰਾੜ ਯੂ ਐੱਸ ਏ, ਗੁਰਦੀਪ ਸਿੰਘ ਸਹਿਦੇਵ ਯੂ ਐੱਸ ਏ, ਮਨਜੀਤ ਸਿੰਘ ਸੰਧੂ, ਸਰਬਜੀਤ ਸਿੰਘ ਬਰਾੜ, ਗੁਰਚਰਨ ਸਿੰਘ ਸੁਪਰਡੈਂਟ, ਦਰਸ਼ਨ ਸਿੰਘ ਸੰਘਾ, ਰਾਜੇਸ਼ ਕੁਮਾਰ ਅਰੋੜਾ, ਫਕੀਰ ਚੰਦ ਧੀਂਗੜਾ, ਮੱਖਣ ਬਰਾੜ ਮੱਲਕੇ, ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਗੁਰਿੰਦਰ ਸਿੰਘ ਮਹਿੰਦੀਰੱਤਾ ਸਮੇਤ ਭਾਰੀ ਗਿਣਤੀ ਵਿੱਚ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ।

ਨੈਣਾ ਦੇਵੀ ਲਈ ਲੰਗਰ ਸਮੱਗਰੀ ਦਾ ਟਰੱਕ ਰਵਾਨਾ

ਮੂਨਕ (ਰਾਜਪਾਲ ਸਿੰਗਲਾ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹਿਰ ਦੀ ਨੈਣਾ ਦੇਵੀ ਲੰਗਰ ਕਮੇਟੀ ਵੱਲੋਂ ਮਾਤਾ ਨੈਣਾ ਦੇਵੀ ਦੇ ਚਰਨਾਂ ਵਿੱਚ ਨਵੇਂ ਸਾਲ ਦੀਆਂ ਸ਼ੁੱਭ-ਕਾਮਨਾਵਾਂ ਲਈ ਸ਼ਹਿਰ ਦੇ ਸਹਿਯੋਗ ਨਾਲ ਲੰਗਰ ਭੰਡਾਰ ਲਗਾਉਣ ਲਈ 20ਵਾਂ ਲੰਗਰ ਸਮੱਗਰੀ ਦਾ ਟਰੱਕ ਰਵਾਨਾ ਕੀਤਾ ਗਿਆ। ਇਹ ਲੰਗਰ ਭੰਡਾਰਾ ਮਾਤਾ ਦੇ ਚਰਨਾਂ ਵਿੱਚ ਤਿੰਨ ਦਿਨ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਮੂਨਕ ਦੇ ਸਾਬਕਾ ਨਗਰ ਪੰਚਾਇਤ ਪ੍ਰਧਾਨ ਭੀਮ ਸੈਨ ਗਰਗ, ਸੰਦੀਪ ਬੰਸਲ ਮੂਨਕ, ਪ੍ਰਿੰਸ ਗਰਗ, ਗੁਰਮੀਤ ਆਸਟਰ, ਮਿੱਠੂ ਰਾਮ, ਹੈਪੀ, ਰਿਪੀ ਸ਼ਰਮਾ ਤੇ ਰਜਿੰਦਰ ਕੁਮਾਰ ਟੀਟਾ ਮੌਜੂਦ ਸਨ।

ਸਮੂਹ ਸੰਗਤਾਂ ਦਾ ਸ਼ਹੀਦੀ ਜੋੜ ਮੇਲ 'ਤੇ ਸਹਿਯੋਗ ਦੇਣ ਦਾ ਧੰਨਵਾਦ : ਚੇਅਰਮੈਨ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਜੋੜ-ਮੇਲ ਦੇ ਆਖਰੀ ਦਿਨ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਗੁਰਦੁਆਰਾ ਸਾਹਿਬ ਵਿਖੇ ਜਿੱਥੇ ਲੰਗਰ ਪ੍ਰਸਾਦਿਆਂ ਤੇ ਦੁੱਧ ਨਾਲ ਸੰਗਤਾਂ ਦੀ ਟਹਿਲ ਕੀਤੀ ਗਈ, ਉਥੇ ਸਵੇਰ ਤੋਂ ਹੀ ਰਾਗੀਆਂ, ਢਾਡੀਆਂ ਤੇ ਕਥਾ ਵਾਚਕਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਆਈਆਂ ਸੰਗਤਾਂ ਨੂੰ ਸਾਕਾ ਸਰਹਿੰਦ ਨਾਲ ਜੋੜਿਆ।ਇਸ ਮੌਕੇ ਜਿੱਥੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਮੈਮੋਰੀਅਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਨੇ ਸ਼ਹੀਦੀ ਜੋੜ ਮੇਲ 'ਤੇ ਪਹੁੰਚੀਆਂ ਸਮੂਹ ਸੰਗਤਾਂ, ਢਾਡੀਆਂ, ਕਥਾ ਵਾਚਕਾਂ, ਰਾਗੀ ਸਿੰਘਾਂ ਦਾ ਧੰਨਵਾਦ ਕੀਤਾ ਹੈ, ਉਥੇ ਦੁੱਧ ਦੇ ਲੰਗਰ ਲਾਉਣ ਵਾਲੇ ਸਮੂਹ ਪਿੰਡਾਂ ਦੀਆਂ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਕੜਾਹ ਪ੍ਰਸਾਦਿ ਦੇ ਲਗਾਏ ਗਏ ਕਾਊਂਟਰ ਦੀ ਸੰਗਤਾਂ ਨੇ ਪ੍ਰਸੰਸਾ ਕੀਤੀ ਤੇ ਹੋਰ ਸ਼ਹੀਦੀ ਦਿਹਾੜੇ ਮੌਕੇ ਸੰਗਤਾਂ ਨੇ ਖੁੱਲ੍ਹ ਕੇ ਸੇਵਾ ਵੀ ਜਮ੍ਹਾਂ ਕਰਾਈ।ਇਸ ਮੌਕੇ ਚੇਅਰਮੈਨ ਨੇ ਲੰਗਰ ਤਿਆਰ ਕਰਨ ਵਾਲੇ ਸੇਵਾਦਾਰਾਂ, ਸਟਾਫ, ਦੇਗ ਦੇਣ ਵਾਲੇ ਤੇ ਸਮੂਹ ਟਰੱਸਟੀਆਂ ਵੱਲੋਂ ਨਿਭਾਈ ਸੇਵਾ ਦੀ ਸ਼ਲਾਘਾ ਕੀਤੀ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਮੁੰਬਈ ਵਿਖੇ ਵਿਸ਼ਾਲ ਗੁਰਮਤਿ ਸਮਾਗਮ

■ ਗਿਆਨੀ ਰਘਬੀਰ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੰਬਈ 'ਚ ਚਲਾਏ ਜਾ ਰਹੇ ਗੁਰੂ ਨਾਨਕ ਖਾਲਸਾ ਕਾਲਜ ਮਾਟੁੰਗਾ ਵਿਖੇ ਦਸਵੇਂ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਆਯੋਜਿਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਸਿੰਘ ਬਾਵਾ ਦੇ ਯਤਨਾਂ ਨਾਲ ਹੋਏ ਇਸ ਸਮਾਗਮ ਦੌਰਾਨ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜਿਥੇ ਸਾਹਿਬਜ਼ਾਦਿਆਂ ਦੇ ਲਾਸਾਨੀ ਇਤਿਹਾਸ ਤੋਂ ਜਾਣੂ ਕਰਵਾਇਆ, ਉਥੇ ਹੀ ਸੰਗਤ ਨੂੰ ਸਿੱਖ ਸਿਧਾਂਤਾਂ, ਇਤਿਹਾਸ ਅਤੇ ਰਹਿਤ ਮਰਯਾਦਾ ਦੀ ਪਾਲਣਾ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਨੇ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਨਵੇਕਲੀਆਂ ਪੈੜਾਂ ਸਿਰਜ ਕੇ ਸਿੱਖ ਕੌਮ ਦਾ ਨਾਂ ਪੂਰੀ ਦੁਨੀਆ ਅੰਦਰ ਰੌਸ਼ਨ ਕੀਤਾ। ਇਤਿਹਾਸ ਦੇ ਇਨ੍ਹਾਂ ਪੰਨਿਆਂ ਦਾ ਹੋਰ ਕਿਧਰੇ ਵੀ ਕੋਈ ਮੁਕਾਬਲਾ ਨਹੀਂ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਪੂਰੀ ਸਿੱਖ ਕੌਮ ਲਈ ਪ੍ਰੇਰਣਾ ਸਰੋਤ ਹੈ, ਜਿਸ ਤੋਂ ਧਰਮ ਅਤੇ ਹੱਕ ਸੱਚ ਖਾਤਰ ਹਮੇਸ਼ਾ ਤਤਪਰ ਰਹਿਣ ਦੀ ਸੇਧ ਮਿਲਦੀ ਹੈ। ਉਨ੍ਹਾਂ ਸਿੱਖ ਨੌਜੁਆਨਾਂ ਨੂੰ ਅਪੀਲ ਕੀਤੀ ਕਿ ਉਹ ਇਤਿਹਾਸ ਦੇ ਇਹ ਪੰਨੇ ਆਪਣੇ ਚੇਤਿਆਂ ਵਿਚ ਵਸਾ ਕੇ ਸਿੱਖੀ ਦੀ ਚੜ੍ਹਦੀ ਕਲਾ ਲਈ ਸਦਾ ਤਤਪਰ ਰਹਿਣ। ਉਨ੍ਹਾਂ ਗੁਰੂ ਨਾਨਕ ਖਾਲਸਾ ਕਾਲਜ ਦੇ ਚੇਅਰਮੈਨ ਗੁਰਿੰਦਰ ਸਿੰਘ ਬਾਵਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਮੁੰਬਈ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਸਜਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਸਿੱਖ ਕੌਮ ਦੇ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ, ਜਦਕਿ ਦਮਦਮੀ ਟਕ

31-DEC-PAGE-3.qxd 12/30/2023 10:57 PM Page 1

ਡੇਢ ਸੌ ਕਰੋੜ ਦੀ ਲਾਗਤ ਨਾਲ ਪਹੂਵਿੰਡ 'ਚ ਬਣੇਗਾ ਮਲਟੀਸਪੈਸ਼ਲਿਟੀ ਹਸਪਤਾਲ ਤੇ ਨਰਸਿੰਗ ਕਾਲਜ

ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਰੱਖਿਆ ਜਾਵੇਗਾ ਨੀਂਹ ਪੱਥਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸ਼ਹੀਦ ਬਾਬਾ ਦੀਪ ਸਿੰਘ ਜੀ ਫਾਊਂਡੇਸ਼ਨ ਅਤੇ ਮਾਤਾ ਕੌਲਾਂ ਜੀ ਭਲਾਈ ਕੇਂਦਰ ਦੇ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਵੱਲੋਂ ਸਰਹੱਦੀ ਲੋਕਾਂ ਨੂੰ ਵਧੀਆ ਅਤੇ ਸਸਤੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਇਤਿਹਾਸਕ ਨਗਰ ਪਹੂਵਿੰਡ ਵਿਖੇ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਨਰਸਿੰਗ ਕਾਲਜ ਦਾ ਨਿਰਮਾਣ ਕੀਤਾ ਜਾਵੇਗਾ। ਦੱਸਣਯੋਗ ਹੈ ਕਿ 130 ਬਿਸਤਰਿਆਂ ਵਾਲੇ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਨਰਸਿੰਗ ਕਾਲਜ ਦਾ ਨਿਰਮਾਣ 12 ਏਕੜ ਜ਼ਮੀਨ 'ਤੇ ਕੀਤਾ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਕਰਨਲ ਹਰੀਸਿਮਰਨ ਸਿੰਘ ਸੰਧੂ, ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅੰਮ੍ਰਿਤਸਰ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ, ਭਾਈ ਹਰਮਿੰਦਰ ਸਿੰਘ, ਮੈਨੇਜਰ ਪ੍ਰਭਜੋਤ ਸਿੰਘ, ਚੇਅਰਮੈਨ ਰਾਜਵੰਤ ਸਿੰਘ ਪਹੂਵਿੰਡ, ਸਾਬਕਾ ਸਰਪੰਚ ਅਮਰਜੀਤ ਸਿੰਘ ਪਹੂਵਿੰਡ, ਕੈਪਟਨ ਬਲਵੰਤ ਸਿੰਘ, ਸੁਖਜੀਤ ਸਿੰਘ ਰੋਜੀ, ਨੰਬਰਦਾਰ ਬਲਜੀਤ ਸਿੰਘ, ਨੰਬਰਦਾਰ ਚਾਨਣ ਸਿੰਘ, ਜੋਗਾ ਸਿੰਘ, ਸਰਵਣ ਸਿੰਘ, ਪੰਚ ਚਰਨਜੀਤ ਸਿੰਘ ਭਿੱਖੀਵਿੰਡ, ਬਾਬਾ ਦਲਜੀਤ ਸਿੰਘ ਵਿੱਕੀ, ਰੰਗਾ ਸਿੰਘ ਬਿਜਲੀ ਵਾਲੇ, ਪਰਮਜੀਤ ਸਿੰਘ ਅਤੇ ਹਰਜਿੰਦਰ ਸਿੰਘ ਨੇ ਦੱਸਿਆ ਕਿ ਇਤਿਹਾਸਕ ਨਗਰ ਪਹੂਵਿੰਡ ਸਾਹਿਬ ਵਿੱਚ ਇੱਕ ਸੌ ਤੀਹ ਬਿਸਤਰਿਆਂ ਵਾਲਾ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਨਰਸਿੰਗ ਕਾਲਜ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਨਰਸਿੰਗ ਕਾਲਜ ਦੇ ਨਿਰਮਾਣ ਦਾ ਮਕਸਦ ਇਲਾਕੇ ਦੇ ਲੋਕਾਂ ਨੂੰ ਚੰਗੀਆਂ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣਾ ਅਤੇ ਧੀਆਂ ਨੂੰ ਮੈਡੀਕਲ ਸਾਇੰਸ ਦੀ ਪੜ੍ਹਾਈ 'ਚ ਅੱਗੇ ਲੈ ਕੇ ਜਾਣਾ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਹਸਪਤਾਲ ਅਤੇ ਨਰਸਿੰਗ ਕਾਲਜ ਦਾ ਨੀਂਹ ਪੱਥਰ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਰੱਖਿਆ ਜਾਵੇਗਾ। ਇਸ ਮੌਕੇ ਮੈਨੇਜਰ ਪ੍ਰਭਜੋਤ ਸਿੰਘ ਨੇ ਭਾਈ ਗੁਰਇਕਬਾਲ ਸਿੰਘ, ਭਾਈ ਹਰਮਿੰਦਰ ਸਿੰਘ ਸਮੇਤ ਵੱਖ-ਵੱਖ ਪਾਰਟੀ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਤਿਹਾਸਕ ਨਗਰ ਪਹੂਵਿੰਡ ਸਾਹਿਬ ਵਿਖੇ ਮਲਟੀਸਪੈਸ਼ਲਿਟੀ ਹਸਪਤਾਲ ਅਤੇ ਨਰਸਿੰਗ ਕਾਲਜ ਬਣਾਉਣਾ ਸ਼ਲਾਘਾਯੋਗ ਉਪਰਾਲਾ ਹੈ।

'ਮੁਸਲਿਮ ਜਮਾਤ ਅਹਿਮਦੀਆ ਦਾ ਸਾਲਾਨਾ ਜਲਸਾ ਸਾਰੇ ਧਰਮਾਂ ਦੀ ਏਕਤਾ ਦਾ ਅਲੰਬਰਦਾਰ'

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਮੁਸਲਿਮ ਜਮਾਤ ਅਹਿਮਦੀਆ ਦਾ ਦੂਸਰੇ ਦਿਨ ਦਾ ਜਲਸਾ ਸਾਲਾਨਾ ਪਵਿੱਤਰ ਕੁਰਾਨ ਸ਼ਰੀਫ ਦੀ ਤਿਲਾਵਤ ਦੇ ਨਾਲ ਆਰੰਭ ਹੋ ਗਿਆ। ਜਲਸਾ ਸਾਲਾਨਾ ਕਾਦੀਆਂ ਜਿਸ ਦੀ ਬੁਨਿਆਦ ਖੁਦਾ ਤਾਅਲਾ ਦੇ ਹੁਕਮ ਅਤੇ ਇਸ ਯੁੱਗ ਦੇ ਇਮਾਮ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਅਲੈਹ ਸਲਾਮ ਨੇ ਸੰਨ 1891 ਵਿੱਚ ਰੱਖੀ ਸੀ। ਇਹ ਜਲਸਾ ਸਾਰੇ ਧਰਮਾਂ ਦੀ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਦਾ ਇੱਕ ਅਜ਼ੀਮੁਸਾਨ ਨਜ਼ਾਰਾ ਪੇਸ਼ ਕਰਦਾ ਹੈ। ਇਸ ਖਾਲਸ ਰੂਹਾਨੀ ਜਲਸੇ ਵਿੱਚ ਇੱਕ ਸੈਸ਼ਨ ਜਲਸੇ ਦਾ ਸਰਬ ਧਰਮ ਸੰਮੇਲਨ ਦੇ ਤੌਰ 'ਤੇ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਵੱਖ-ਵੱਖ ਧਰਮਾਂ ਦੇ ਨੁਮਾਇੰਦੇ ਸ਼ਮੂਲੀਅਤ ਕਰਦੇ ਹਨ ਅਤੇ ਆਪਣੇ-ਆਪਣੇ ਧਰਮਾਂ ਦੀਆਂ ਸਿੱਖਿਆਵਾਂ ਦੀ ਰੌਸ਼ਨੀ ਵਿੱਚ ਦੁਨੀਆ ਵਿੱਚ ਅਮਨ ਦੀ ਸਥਾਪਨਾ ਅਤੇ ਸਾਰੇ ਧਰਮਾਂ ਦੀ ਏਕਤਾ ਅਤੇ ਹਮ ਆਹੰਗੀ ਦੇ ਹਵਾਲੇ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਬਾਨੀ ਮੁਸਲਿਮ ਜਮਾਤ ਅਹਿਮਦੀਆ ਹਜ਼ਰਤ ਅਕਦਸ ਮਸੀਹੇ ਮਾਊਦ ਅਲੈਹ ਸਲਾਮ ਨੇ ਸਾਰੇ ਧਰਮਾਂ ਦਾ ਸਤਿਕਾਰ ਅਤੇ ਉਨਾਂ ਦੇ ਧਾਰਮਿਕ ਜਜਬਾਤ ਦਾ ਧਿਆਨ ਰੱਖਣ ਵੱਲ ਵਿਸੇਸ ਧਿਆਨ ਦਿਵਾਇਆ ਹੈ। ਜਲਸੇ 'ਚ ਕੁਲਦੀਪ ਸਿੰਘ ਧਾਲੀਵਾਲ, ਅਵਿਨਾਸ਼ ਰਾਏ ਖਨਾ, ਅਮਨਸ਼ੇਰ ਸਿੰਘ ਸ਼ਹਿਰੀ ਕਲਸੀ, ਜਗਰੂਪ ਸਿੰਘ ਸੇਖਵਾਂ, ਰਮਨ ਬਹਿਲ ਫਤਿਹ ਜੰਗ ਸਿੰਘ ਬਾਜਵਾ, ਬਲਵਿਦਰ ਸਿੰਘ ਲਾਡੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਸੰਬਧੋਨ ਕਰਦਿਆਂ ਕਿਹਾ ਕਿ ਮੁਸਲਿਮ ਜਮਾਤ ਅਹਿਮਦੀਆ ਪੂਰੇ ਵਿਸ਼ਵ ਵਿਚ ਅਮਨ ਸ਼ਾਂਤੀ ਲਈ ਜੋ ਕੋਸ਼ਿਸ਼ਾਂ ਕਰ ਰਹੀ ਹੈ ਉਹ ਸ਼ਲਾਘਾਯੋਗ ਹੈ। ਵੱਡੀ ਗਿਣਤੀ ਵਿੱਚ ਕਾਦੀਆਂ ਦੇ ਨਜ਼ਦੀਕੀ ਲੋਕ ਵੀ ਸ਼ਾਮਿਲ ਹੋਏ।

ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਭਵਨ ਮੁੰਬਈ ਦਾ ਦੌਰਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਭਵਨ ਮੁਬੰਈ ਦੇ ਪ੍ਰਬੰਧਨ ਦਾ ਜਾਇਜ਼ਾ ਲੈਣ ਹਿੱਤ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਅਤੇ ਹੋਰਨਾਂ ਸਾਥੀਆਂ ਸਮੇਤ ਉਕਤ ਭਵਨ ਵਿਖੇ ਪਹੁੰਚੇ ਜਿਥੇ ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਮੁੰਬਈ ਦੇ ਪ੍ਰਧਾਨ ਗੁਰਵਿੰਦਰ ਸਿੰਘ ਬਾਵਾ ਵੱਲੋਂ ਮੈਨੇਜਮੈਂਟ ਦਾ ਨਿੱਘਾ ਸੁਆਗਤ ਕੀਤਾ ਗਿਆ।

ਭਵਨ ਵਿਖੇ ਹੋਈ ਇਕੱਤਰਤਾ ਦੌਰਾਨ ਗੁਰਵਿੰਦਰ ਸਿੰਘ ਬਾਵਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 7 ਮੰਜ਼ਿਲਾ ਸ੍ਰੀ ਗੁਰੂ ਹਰਿਕ੍ਰਿਸ਼ਨ ਭਵਨ ਵਿਖੇ ਕੀਰਤਨ ਕਲਾਸਾਂ, ਗੁਰਮਤਿ ਸਮਾਗਮ ਅਤੇ ਹੋਰਨਾਂ ਧਾਰਮਿਕ ਗਤੀਵਿਧੀਆਂ ਆਯੋਜਿਤ ਕਰਦਿਆਂ ਨੌਜੁਆਨ ਪੀੜ੍ਹੀ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜੋੜਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਇਸ ਮੌਕੇ ਉਨ੍ਹਾਂ ਭਵਨ ਦੇ ਪ੍ਰਬੰਧਨ ਨੂੰ ਲੈ ਕੇ ਆ ਰਹੀਆਂ ਮੁਸ਼ਕਲਾਂ ਅਤੇ ਜ਼ਰੂਰਤਾਂ ਸਬੰਧੀ ਮੈਨੇਜਮੈਂਟ ਨੂੰ ਜਾਣਕਾਰੀ ਸਾਂਝੀ ਕੀਤੀ। ਡਾ. ਨਿੱਜਰ ਨੇ ਮੁੰਬਈ ਵਿਖੇ ਲੋਕਲ ਕਮੇਟੀ ਵੱਲੋਂ ਸਿੱਖੀ ਅਤੇ ਗੁਰਮਤਿ ਪ੍ਰਚਾਰ-ਪ੍ਰਸਾਰ ਹਿੱਤ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਦੀਵਾਨ ਪ੍ਰਬੰਧਕਾਂ ਵਲੋਂ ਭਵਨ ਦੇ ਵਿਕਾਸ ਲਈ ਹਰ ਪੱਖੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਮੈਂਬਰ ਸਾਹਿਬਾਨ ਨੂੰ ਦੀਵਾਨ ਦੀ ਚੜ੍ਹਦੀ ਕਲਾ ਲਈ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਪਰੋਕਤ ਸ਼ਖਸ਼ੀਅਤਾਂ ਤੋਂ ਇਲਾਵਾ ਸਕੱਤਰ ਲੋਕਲ ਕਮੇਟੀ ਵਰਿੰਦਰ ਕੌਰ, ਭੁਪਿੰਦਰ ਸਿੰਘ ਸੱਚਰ, ਪ੍ਰਿਤਪਾਲ ਸਿੰਘ ਚੱਢਾ, ਜਸਬੀਰ ਸਿੰਘ ਝੱਭਰਵਾਲ, ਪਰਮਜੋਤ ਸਿੰਘ ਚਾਹਲ, ਜਸਬੀਰ ਸਿੰਘ ਧਾਮ, ਅਮਰਿੰਦਰ ਸਿੰਘ ਆਦਿ ਹਾਜ਼ਰ ਸਨ।

ਕਸੇਲ ਹਵੇਲੀਆਂ 'ਚ ਰਵਾਇਤੀ ਪਾਰਟੀਆਂ ਨੂੰ ਲੱਗਾ ਝਟਕਾ;20 ਪਰਿਵਾਰ 'ਆਪ' ਚ ਸ਼ਾਮਿਲ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਹਲਕਾ ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਬੀਤੇ ਦਿਨੀਂ ਪਿੰਡ ਕਸੇਲ ਹਵੇਲੀਆਂ ਵਿਖੇ ਪਿੰਡ ਦੇ ਮੋਹਤਬਰ ਵਿਅਕਤੀਆਂ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਹਾਜ਼ਰੀ ਭਰੀ ਅਤੇ ਵਿਧਾਇਕ ਡਾ. ਸੋਹਲ ਵੱਲੋਂ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਤੇ ਉਨ੍ਹਾਂ ਨੂੰ ਜਲਦ ਹੱਲ ਕਰਵਾਉਣ ਦਾ ਭਰੋਸਾ ਵੀ ਦਿੱਤਾ। ਮੀਟਿੰਗ ਤੋਂ ਬਾਅਦ ਆਪ ਆਗੂ ਸੂਬੇਦਾਰ ਮਖਤੂਲ ਸਿੰਘ ਦੀ ਪ੍ਰੇਰਨਾ ਸਦਕਾ ਪਿੰਡ ਦੇ ਤਕਰੀਬਨ 20 ਪਰਿਵਾਰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਵਿਧਾਇਕ ਡਾ. ਸੋਹਲ ਨੇ ਜੀ ਆਇਆਂ ਕਿਹਾ ਅਤੇ ਉਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਸੋਹਲ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੀਆਂ ਰਵਾਇਤੀ ਪਾਰਟੀਆਂ ਨੇ ਵਿਕਾਸ ਦੇ ਨਾਮ ਤੇ ਪੰਜਾਬ ਅਤੇ ਪੰਜਾਬੀਆਂ ਨੂੰ ਸਿਰਫ ਲੁੱਟਿਆ ਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਆਮ ਆਦਮੀ ਪਾਰਟੀ ਦਾ ਵੱਧ ਤੋਂ ਵੱਧ ਸਾਥ ਦੇਣਾ। ਇਸ ਮੌਕੇ ਅਰਸ਼ਦੀਪ ਸਿੰਘ, ਪ੍ਰਿੰਸ, ਗੁਰਵਿੰਦਰ ਸਿੰਘ ਵ੍ਹਿਸਕੀ, ਢਿੱਲੋਂ, ਗੁਰਪ੍ਰੀਤ ਸਿੰਘ ਮੰਨਨ, ਗੁਰਦੇਵ ਸਿੰਘ, ਹਰਜੀਤ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਅਮਨ-ਕਾਨੂੰਨ ਦੇ ਮੱਦੇਨਜ਼ਰ ਪੁਲਸ ਨੇ ਕੱਢਿਆ ਫਲੈਗ ਮਾਰਚ

ਗੁਰਦਾਸਪੁਰ (ਦਿਨੇਸ਼ ਕੁਮਾਰ)-ਸ਼ਹਿਰ ਵਿੱਚ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਅਤੇ ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਦਿਆਂ ਐੱਸਐੱਸਪੀ ਗੁਰਦਾਸਪੁਰ ਹਰੀਸ ਦਾਯਮਾ ਦੀ ਅਗਵਾਈ ਵਿੱਚ ਪੁਲਸ ਪ੍ਰਸ਼ਾਸਨ ਵੱਲੋਂ ਫਲੈਗ ਮਾਰਚ ਕੱਢਿਆ ਗਿਆ। ਫਲੈਗ ਮਾਰਚ ਪੁਲਸ ਲਾਈਨ ਤੋਂ ਸ਼ੁਰੂ ਹੋ ਕੇ ਪੁਰਾਣਾ ਬੱਸ ਅੱਡਾ, ਡਾਕਖਾਨਾ ਚੌਕ, ਪੁਰਾਣੀ ਸਬਜ਼ੀ ਮੰਡੀ, ਕਾਹਨੂੰਵਾਨ ਚੌਕ ਆਦਿ 'ਚੋਂ ਲੰਘਿਆ। ਇਸ ਦੌਰਾਨ ਭਾਰੀ ਪੁਲਸ ਫੋਰਸ ਮੌਜੂਦ ਸੀ। ਇਸ ਮੌਕੇ ਐੱਸਐੱਸਪੀ ਹਰੀਸ ਦਾਯਮਾ ਨੇ ਦੱਸਿਆ ਕਿ ਸ਼ਹਿਰ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਅਤੇ ਨਵੇਂ ਸਾਲ ਦੀ ਆਮਦ ਨੂੰ ਲੈ ਕੇ ਪੁਲਸ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ। ਪੁਲਸ ਵੱਲੋਂ ਆਸਪਾਸ ਦੇ ਇਲਾਕਿਆਂ ਦੀ ਸਖਤੀ ਨਾਲ ਨਾਕਾਬੰਦੀ ਕੀਤੀ ਜਾ ਰਹੀ ਹੈ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਕੋਈ ਅਣਸੁਖਾਵੀਂ ਘਟਨਾ ਨੂੰ ਅੰਜਾਮ ਨਾ ਦੇ ਸਕੇ। ਜੇਕਰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਸ਼ਹਿਰ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸ ਫਲੈਗ ਮਾਰਚ ਰਾਹੀਂ ਉਨ੍ਹਾਂ ਨੂੰ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਉਹ ਅਮਨ-ਸ਼ਾਂਤੀ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਵਿਗਾੜਨ ਦੀ ਕੋਸ਼ਿਸ਼ ਨਾ ਕਰਨ ਨਹੀਂ ਤਾਂ ਉਨ੍ਹਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਬਾਜ਼ਾਰਾਂ ਵਿੱਚ ਕੋਈ ਸ਼ੱਕੀ ਵਸਤੂ ਜਾਂ ਸ਼ੱਕੀ ਵਿਅਕਤੀ ਦੇਖਦੇ ਹਨ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨ।

ਚੋਰ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰਕੇ ਫਰਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਇਸ ਇਲਾਕੇ ਅੰਦਰ ਘੁੰਮਦੇ ਇਕ ਅਣਪਛਾਤੇ ਸਰਗਰਮ ਚੋਰ ਗਿਰੋਹ ਵੱਲੋਂ ਬੀਤੀ ਰਾਤ ਪਿੰਡ ਪੁਰਾਣੀਆਂ ਬਾਗੜੀਆਂ ਦੇ ਇਕ ਘਰੋਂ ਸੋਨੇ ਦੇ ਗਹਿਣੇ ਅਤੇ ਹਜ਼ਾਰਾਂ ਰੁਪਏ ਦੀ ਨਗਦੀ ਚੋਰੀ ਕਰ ਲਏ ਜਾਣ ਦੀ ਖਬਰ ਹੈ! ਇਸ ਸਬੰਧੀ ਜਾਣਕਾਰੀ ਦਿੰਦਿਆਂ ਘਰ ਦੇ ਮਾਲਕ ਕੁਲਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਅਤੇ ਉਸ ਦੀ ਮਾਤਾ ਗੁਰਮੀਤ ਕੌਰ ਵਾਸੀ ਪਿੰਡ ਪੁਰਾਣੀਆਂ ਬਾਗੜੀਆਂ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ 28 ਦਸੰਬਰ ਦਿਨ ਵੀਰਵਾਰ ਨੂੰ ਸਰਹੰਦ ਵਿਖੇ ਸ਼ਹੀਦੀ ਜੋੜ ਮੇਲਾ ਵੇਖਣ ਗਏ ਸੀ। ਜਦੋਂ ਉਹ ਬੀਤੀ ਰਾਤ ਆਪਣੇ ਘਰ ਪਹੁੰਚੇ ਤਾ ਉਨ੍ਹਾਂ ਦੇ ਮੇਨ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ। ਜਦ ਉਨ੍ਹਾਂ ਨੇ ਅੰਦਰ ਸਾਮਾਨ ਚੈੱਕ ਕੀਤਾ ਤਾਂ ਗੋਦਰੇਜ ਦੀਆਂ ਅਲਮਾਰੀਆਂ ਦੇ ਲਾਕਰ ਟੁੱਟੇ ਹੋਏ ਸਨ ਜਿਸ ਵਿਚੋਂ ਸਾਢੇ ਤਿੰਨ ਤੋਲੇ ਸੋਨੇ ਦੇ ਗਹਿਣੇ ਅਤੇ 75000 ਰੁਪਏ ਦੀ ਨਕਦੀ ਗਾਇਬ ਸੀ ਜੋ ਚੋਰਾਂ ਵੱਲੋਂ ਚੋਰੀ ਕਰ ਲਈ ਗਈ ਸੀ! ਇਸ ਮਾਮਲੇ ਸਬੰਧੀ ਉਨ੍ਹਾਂ ਪੁਲਸ ਥਾਣਾ ਭੈਣੀ ਮੀਆਂ ਖਾਂ ਵਿਖੇ ਲਿਖਤੀ ਦਰਖਾਸਤ ਦੇ ਦਿੱਤੀ ਹੈ!

ਲੁਟੇਰਿਆਂ ਨੇ ਦਾਤਰ ਦਿਖਾ ਕੇ ਖੋਹਿਆ ਮੋਬਾਇਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੋਲੋਂ ਲੁਟੇਰੇ ਦਾਤਰ ਦਿਖਾ ਕੇ ਮੋਬਾਇਲ ਖੋਹ ਕੇ ਫਰਾਰ ਹੋ ਗਏ। ਪੁਲਸ ਸਟੇਸ਼ਨ ਭਿੱਖੀਵਿੰਡ ਵਿਖੇ ਦਰਜ ਕਰਵਾਈ ਸ਼ਿਕਾਇਤ 'ਚ 'ਆਪ' ਆਗੂ ਰਣਜੀਤ ਧਵਨ ਪੁੱਤਰ ਇੰਦਰਜੀਤ ਧਵਨ ਵਾਸੀ ਭਿੱਖੀਵਿੰਡ ਨੇ ਦੱਸਿਆ ਕਿ ਉਸ ਦੀ ਮੰਦਿਰ ਵਾਲੀ ਗਲੀ ਵ

31-DEC-PAGE-4.qxd 12/30/2023 10:51 PM Page 1

ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਵੱਲੋਂ ਸਰਕਾਰ ਵਿਰੁੱਧ ਅਰਥੀ ਫੂਕ ਪ੍ਰਦਰਸ਼ਨ

ਵਾਟਰ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਕਰਨ ਵਾਲੀ ਅਫਸਰਸ਼ਾਹੀ ਦਾ ਘਿਰਾਓ ਕੀਤਾ ਜਾਵੇਗਾ : ਆਲਮਕੇ

ਜਲਾਲਾਬਾਦ (ਜੀਤ ਕੁਮਾਰ)

ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੂੰ 19ਵੀਂ ਵਾਰ ਲਿਖਤੀ ਰੂਪ ਵਿੱਚ ਮੀਟਿੰਗ ਦਾ ਸਮਾਂ ਦੇ ਕੇ ਐਨ ਮੌਕੇ 'ਤੇ ਮੀਟਿੰਗ ਕਰਨ ਤੋਂ ਇਨਕਾਰ ਕਰਨ ਦੇ ਰੋਸ ਵਜੋਂ 'ਮੋਰਚੇ' ਦੇ ਫੈਸਲੇ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਫਾਜ਼ਿਲਕਾ ਜ਼ਿਲ੍ਹਾ ਤੇ ਬ੍ਰਾਂਚ ਜਲਾਲਾਬਾਦ ਕਮੇਟੀ ਵੱਲੋਂ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਇਕੱਠ ਕਰਨ ਉਪਰੰਤ ਪਾਰਕ ਦੇ ਸਾਹਮਣੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ, ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ, ਦਫਤਰੀ ਸਟਾਫ ਦੇ ਸੂਬਾ ਪ੍ਰਚਾਰ ਸਕੱਤਰ ਸੁਖਚੈਨ ਸਿੰਘ ਸੋਢੀ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਸਾਡੀ ਸਰਕਾਰ ਬਣਨ ਉਪਰੰਤ ਸਰਕਾਰੀ ਵਿਭਾਗਾਂ 'ਚ ਠੇਕਾ ਪ੍ਰਣਾਲੀ ਅਧੀਨ ਸੇਵਾਵਾਂ ਨਿਭਾਅ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇਗਾ। ਠੇਕਾ ਮੁਲਾਜ਼ਮਾਂ ਸਮੇਤ ਹਰ ਵਰਗ ਨੇ ਇਨ੍ਹਾਂ ਵਾਅਦਿਆਂ 'ਚ ਆ ਕੇ ਆਪ ਸਰਕਾਰ ਬਣਾਉਣ 'ਚ ਸਹਿਯੋਗ ਦਿੱਤਾ ਸੀ ਕਿ ਇਹ ਸਰਕਾਰ ਪਿਛਲੀਆਂ ਰਾਜਸੀ ਸਰਕਾਰਾਂ ਦਾ ਬਦਲ ਬਣੇਗੀ, ਪਰ ਸਰਕਾਰ ਦਾ ਪਿਛਲੇ ਲਗਭਗ 2 ਸਾਲਾਂ ਦਾ ਅਮਲ ਉਸ ਦੇ ਦਾਅਵਿਆਂ ਤੋਂ ਬਿਲਕੁਲ ਉਲਟ, ਪਹਿਲੀਆਂ ਅਕਾਲੀ ਤੇ ਕਾਂਗਰਸੀ ਸਰਕਾਰਾਂ ਨਾਲੋਂ ਕੋਈ ਵੀ ਵੱਖਰਾ ਨਹੀਂ। ਇਸ ਮੌਜੂਦਾ ਸਰਕਾਰ ਵੱਲੋਂ ਪਹਿਲੀਆਂ ਸਰਕਾਰਾਂ ਦੀਆਂ ਨਿੱਜੀਕਰਨ/ਪੰਚਾਇਤੀਕਰਨ ਤੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਦੇ ਪ੍ਰਚਾਰ 'ਤੇ ਵਿਸ਼ਵਾਸ ਕਰਕੇ ਮੰਗਾਂ ਦੇ ਹੱਲ ਲਈ ਪੁਰਅਮਨ ਗੱਲਬਾਤ ਦਾ ਰਾਹ ਅਖਤਿਆਰ ਕੀਤਾ। ਪੰਜਾਬ ਸਰਕਾਰ ਨੂੰ ਕਈ ਵਾਰ ਮੰਗ-ਪੱਤਰ ਤੇ ਯਾਦ ਪੱਤਰ ਭੇਜੇ ਗਏ। ਇਹ ਪੱਤਰ ਸਿੱਧੇ ਮੁੱਖ ਮੰਤਰੀ ਤੇ ਆਪ ਦੇ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਰਾਹੀਂ ਵੀ ਭੇਜੇ ਗਏ। ਮੁੱਖ ਮੰਤਰੀ ਦੇ ਨਾਲ ਮੋਰਚੇ ਨੂੰ 19ਵੀ ਵਾਰ ਲਿਖਤੀ ਰੂਪ ਵਿੱਚ ਮੀਟਿੰਗ ਦਾ ਸਮਾਂ ਦਿੱਤਾ, ਪਰ ਤ੍ਰਾਸਦੀ ਇਹ ਹੈ ਕਿ ਐਨ ਮੌਕੇ 'ਤੇ ਮੁੱਖ ਮੰਤਰੀ ਪੰਜਾਬ ਵੱਲੋਂ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਮੋਰਚੇ ਵੱਲੋਂ ਮਜਬੂਰ ਹੋ ਕੇ 9-12-2023 ਨੂੰ ਲੁਧਿਆਣਾ ਵਿਖੇ ਲਾਡੋਵਾਲ ਪੁਲ (ਸਤਲੁਜ) ਦੇ ਕੋਲ ਅਮ੍ਰਿਤਸਰ-ਦਿੱਲੀ ਨੈਸ਼ਨਲ ਹਾਈਵੇਅ ਜਾਮ ਕਰਕੇ ਪ੍ਰਦਰਸ਼ਨ ਕੀਤਾ ਗਿਆ ਤੇ ਲੁਧਿਆਣਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਪੰਜਾਬ ਨਾਲ 20 ਦਸੰਬਰ ਨੂੰ 19ਵੀਂ ਵਾਰ ਮੀਟਿੰਗ ਮੋਰਚੇ ਦੇ ਆਗੂਆਂ ਨਾਲ ਤੈਅ ਕਰਵਾਈ ਗਈ, ਪਰ ਇਹ ਮੀਟਿੰਗ ਵੀ ਐਨ ਮੌਕੇ 'ਤੇ ਆ ਕੇ ਰੱਦ ਹੋ ਗਈ। ਅਜਿਹੇ ਹਾਲਾਤ ਵਿੱਚ ਠੇਕਾ ਮੁਲਾਜ਼ਮਾਂ ਕੋਲ ਆਪਣੇ ਮੁਲਕ ਦੇ ਪੈਦਾਵਾਰੀ ਵਸੀਲਿਆਂ ਦੀ ਰਾਖੀ ਲਈ, ਪੱਕੇ ਰੁਜ਼ਗਾਰ ਤੇ ਗੁਜ਼ਾਰੇ ਯੋਗ ਤਨਖਾਹ ਦੀ ਪ੍ਰਾਪਤੀ ਲਈ ਸੰਘਰਸ਼ ਤੋਂ ਬਿਨਾਂ ਹੋਰ ਕੋਈ ਰਾਹ ਹੀ ਬਾਕੀ ਨਹੀਂ, ਜਿਸ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਆਗੂਆਂ ਨੇ ਕਿਹਾ ਕਿ ਅੱਜ ਦੇ ਅਰਥੀ ਫੂਕ ਪ੍ਰਦਰਸ਼ਨ ਨਾਲ ਸੰਘਰਸ਼ ਦਾ ਅੰਤ ਨਹੀਂ ਹੈ। ਜੇਕਰ ਸਰਕਾਰ ਨੇ ਗੱਲਬਾਤ ਰਾਹੀਂ ਮੰਗਾਂ ਦੇ ਹੱਲ ਦਾ ਰਾਹ ਅਖਤਿਆਰ ਨਾ ਕੀਤਾ ਤਾਂ ਭਵਿੱਖ ਵਿੱਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਸਾਡੀ ਮਜਬੂਰੀ ਹੋਵੇਗੀ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ। ਯੂਨੀਅਨ ਵੱਲੋਂ ਇਕ ਹੋਰ ਫੈਸਲਾ ਕੀਤਾ ਗਿਆ ਕਿ ਜਲਾਲਾਬਾਦ 'ਚ ਵਾਟਰ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ ਦੀਆਂ ਨੀਤੀਆਂ ਲਾਗੂ ਕਰਨ ਵਾਲੇ ਅਧਿਕਾਰੀਆਂ ਦਾ ਸਖਤ ਵਿਰੋਧ ਕੀਤਾ ਜਾਵੇਗਾ ਤੇ ਲੋਕ ਮਾਰੂ ਨੀਤੀਆਂ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿਆਂਗੇ।

ਪਤਨੀ ਤੇ ਸਹੁਰੇ ਪਰਵਾਰ ਤੋਂ ਤੰਗ ਆ ਕੇ ਕੀਤੀ ਖੁਦਕੁਸ਼ੀ, 6 ਖਿਲਾਫ ਕੇਸ ਦਰਜ

ਜਲਾਲਾਬਾਦ/ਫਾਜ਼ਿਲਕਾ (ਜੀਤ ਕੁਮਾਰ/ਕ੍ਰਿਸ਼ਨ ਸਿੰਘ)-ਪਿੰਡ ਬਲੇਲ ਕੇ ਹਾਸਲ ਵਿਖੇ ਸਹੁਰਿਆਂ ਤੋਂ ਤੰਗ ਪ੍ਰੇਸ਼ਾਨ ਹੋ ਕੇ ਰੱਸੀ ਨਾਲ ਫੰਦਾ ਲੈ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰਨ 'ਤੇ ਪਤਨੀ ਸਮੇਤ ਸਹੁਰੇ ਪਰਿਵਾਰ ਦੇ 6 ਜਣਿਆ ਖਿਲਾਫ ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਹਰੀ ਚੰਦ ਪੁੱਤਰ ਦਿਵਾਨ ਚੰਦ ਵਾਸੀ ਬਲੇਲ ਕੇ ਹਾਸਲ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੇ ਲੜਕੇ ਅਮਨਦੀਪ ਸਿੰਘ ਦੀ ਸ਼ਾਦੀ ਕਰੀਬ 6 ਸਾਲ ਪਹਿਲਾਂ ਮਨਪ੍ਰੀਤ ਕੌਰ ਪੁੱਤਰੀ ਓਮ ਪ੍ਰਕਾਸ਼ ਵਾਸੀ ਅਮੀਰ ਖਾਸ ਨਾਲ ਹੋਈ ਸੀ, ਉਸ ਦੀ ਨੂੰਹ ਮਨਪ੍ਰੀਤ ਕੌਰ ਦੇ ਪੇਕੇ ਪਰਿਵਾਰ ਨਾਲ ਉਨ੍ਹਾਂ ਦਾ ਬੋਲ ਬੁਲਾਰਾ ਹੋਇਆ ਸੀ। ਕਰੀਬ 2-3 ਮਹੀਨੇ ਪਹਿਲਾਂ ਨੂੰਹ ਮਨਪ੍ਰੀਤ ਕੌਰ ਨੂੰ ਆਪਣੇ ਨਾਲ ਲੈ ਗਏ ਸੀ, ਜਿਨ੍ਹਾਂ ਦੀ ਹੁਣ ਤੱਕ ਫੈਸਲੇ ਦੀ ਗੱਲ ਚਲਦੀ ਹੀ ਸੀ। ਉਸ (ਮੁਦੱਈ) ਦੇ ਲੜਕੇ ਅਮਨਦੀਪ ਸਿੰਘ ਨੂੰ ਉਸ ਦੀ ਪਤਨੀ ਮਨਪ੍ਰੀਤ ਕੌਰ ਵਗੈਰਾ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸੀ ਕਿ ਤਲਾਕ ਦਿਓ ਤੇ ਸ਼ਾਦੀ 'ਤੇ ਹੋਇਆ ਖਰਚ ਵਾਪਸ ਕਰ ਦਿਓ, ਜਿਸ 'ਤੇ ਤੰਗ ਪ੍ਰੇਸ਼ਾਨ ਹੋ ਕੇ ਅਮਨਦੀਪ ਸਿੰਘ ਨੇ 29 ਦਸੰਬਰ 2023 ਨੂੰ ਸਵੇਰੇ ਕਰੀਬ 5-6 ਵਜੇ ਘਰ ਵਿੱਚ ਬਣੇ ਪਸ਼ੂਆਂ ਵਾਲੇ ਕਮਰੇ ਵਿੱਚ ਛੱਤ ਦੇ ਗਾਡਰ ਨਾਲ ਰੱਸਾ ਬੰਨ੍ਹ ਕੇ ਆਪਣੇ ਗਲ ਵਿੱਚ ਪਾ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ ਹੈ। ਥਾਣਾ ਵੈਰੋਕੇ ਦੇ ਮੁਖੀ ਐੱਸ. ਆਈ. ਗੁਰਿੰਦਰ ਸਿੰਘ ਨੇ ਦੱਸਿਆ ਕਿ ਮੁਦੱਈ ਹਰੀ ਚੰਦ ਦੇ ਬਿਆਨਾਂ ਦੇ ਅਧਾਰ 'ਤੇ ਮ੍ਰਿਤਕ ਅਮਨਦੀਪ ਸਿੰਘ ਦੀ ਪਤਨੀ ਮਨਪ੍ਰੀਤ ਕੌਰ, ਸਹੁਰਾ ਓਮ ਪ੍ਰਕਾਸ਼, ਪਵਨ ਕੁਮਾਰ, ਸੁੱਖਾ ਸਿੰਘ, ਪਨੀਤ ਕੌਰ ਪਤਨੀ ਪਵਨ ਕੁਮਾਰ ਤੇ ਦੇਸ਼ ਰਾਜ ਵਾਸੀਆਨ ਅਮੀਰ ਖਾਸ ਖਿਲਾਫ ਧਾਰਾ 306 ਆਈਪੀਸੀ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਨਸ਼ਾ ਛੱਡ ਚੁੱਕੇ ਨੌਜਵਾਨ ਦੀ ਭੇਦਭਰੀ ਹਾਲਤ 'ਚ ਮੌਤ

ਮਲੋਟ (ਗੁਰਮੀਤ ਸਿੰਘ ਮੱਕੜ)

ਪਿੰਡ ਕੋਲਿਆਂਵਾਲੀ ਦੇ ਖੇਤਾਂ ਵਿੱਚੋਂ ਇੱਕ 20 ਸਾਲ ਦੇ ਕਰੀਬ ਨੌਜਵਾਨ ਦੀ ਲਾਸ਼ ਮਿਲੀ ਹੈ। ਥਾਣਾ ਕਬਰਵਾਲਾ ਦੀ ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ 174 ਤਹਿਤ ਕਾਰਵਾਈ ਕੀਤੀ ਗਈ। ਇਸ ਮੌਕੇ ਮ੍ਰਿਤਕ ਲੜਕੇ ਦੀ ਮਾਤਾ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਸੰਦੀਪ ਸਿੰਘ, ਜੋ ਕਿ ਨਸ਼ੇ ਕਰਨ ਦਾ ਆਦੀ ਸੀ, ਜਿਸ ਦੇ ਪਿਤਾ ਦੀ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਮਜ਼ਦੂਰੀ ਕਰਕੇ ਘਰ ਦਾ ਗੁਜ਼ਾਰਾ ਚੱਲਦਾ ਸੀ। ਉਸ ਨੇ ਦੱਸਿਆ ਇਹ ਉਸ ਦਾ ਇਕਲੌਤਾ ਲੜਕਾ ਸੀ, ਜਿਸ ਦਾ ਦੋ ਕੁ ਮਹੀਨੇ ਪਹਿਲਾਂ ਨਸ਼ਾ ਛੁਡਵਾਇਆ ਸੀ ਤੇ ਜਿਸ ਦੀ ਦਵਾਈ ਚੱਲ ਰਹੀ ਹੈ ਅਤੇ ਦੌਰੇ ਪੈਂਦੇ ਸਨ। ਉਸ ਨੇ ਦੱਸਿਆ ਕਿ ਉਸ ਦਾ ਲੜਕਾ ਬੀਤੀ ਸ਼ਾਮ ਤੋਂ ਘਰ ਨਹੀਂ ਆਇਆ ਸੀ, ਜਿਸ ਉਪਰੰਤ ਸਵੇਰੇ ਖੇਤਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੇ ਸੂਚਨਾ ਦਿੱਤੀ ਕਿ ਉਨ੍ਹਾਂ ਦੇ ਲੜਕੇ ਦੀ ਲਾਸ਼ ਪਈ ਹੈ। ਦੂਜੇ ਪਾਸੇ ਮ੍ਰਿਤਕ ਲੜਕੇ ਦੇ ਹੋਰ ਪਰਿਵਾਰਕ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਕੋਲਿਆਂਵਾਲੀ ਵਿੱਚ ਨਸ਼ਿਆਂ ਦਾ ਪੂਰਾ ਬੋਲਬਾਲਾ ਹੈ। ਦੂਜੇ ਪਾਸੇ ਥਾਣਾ ਕਬਰਵਾਲਾ ਪੁਲਸ ਨੇ ਮੌਕੇ 'ਤੇ ਜਾ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਮਲੋਟ ਵਿਖੇ ਮ੍ਰਿਤਕ ਲੜਕੇ ਦੀ ਮਾਤਾ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਪਰਿਵਾਰਕ ਮੈਂਬਰਾਂ ਅਨੁਸਾਰ ਨੌਜਵਾਨ ਨੂੰ ਦੌਰੇ ਪੈਂਦੇ ਸਨ, ਜਿਸ ਦੀ ਦੌਰਾ ਪੈਣ ਨਾਲ ਮੌਤ ਹੋਈ ਹੈ।

ਕਾਤਰਾਂ

10 ਗ੍ਰਾਮ ਹੈਰੋਇਨ, ਕਾਰ ਤੇ ਨਗਦੀ ਸਣੇ 2 ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 10 ਗ੍ਰਾਮ ਹੈਰੋਇਨ, 2 ਮੋਬਾਇਲ ਤੇ ਕਾਰ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਹਰਦੇਵ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਬੱਸ ਅੱਡਾ ਪਿੰਡ ਘੁਬਾਇਆ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮੁਖਤਿਆਰ ਸਿੰਘ ਤੇ ਤਾਰਾ ਸਿੰਘ ਜੋਕਿ ਹੈਰੋਇਨ ਵੇਚਣ ਦੇ ਆਦੀ ਹੈ ਤੇ ਅੱਜ ਵੀ ਕਾਰ ਨੰਬਰ ਪੀਬੀ-61ਡੀ-4802 'ਤੇ ਸਵਾਰ ਹੋ ਕੇ ਪਿੰਡ ਫਲੀਆਂਵਾਲਾ ਨੂੰ ਜਾ ਰਹੇ ਹਨ, ਜੇਕਰ ਚੱਕ ਖੀਵਾ ਤੋਂ ਲਿੰਕ ਰੋਡ ਪਿੰਡ ਘੁਬਾਇਆ ਕੋਲ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ, ਜਿਸ 'ਤੇ ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਮੁਖਤਿਆਰ ਸਿੰਘ ਤੇ ਤਾਰਾ ਸਿੰਘ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ ਤਲਾਸ਼ੀ ਦੌਰਾਨ 10 ਗ੍ਰਾਮ ਹੈਰੋਇਨ, ਦੋ ਮੋਬਾਇਲ, ਕਾਰ ਤੇ 250 ਰੁਪਏ ਭਾਰਤੀ ਕਰੰਸੀ ਬਰਾਮਦ ਹੋਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਉਕਤ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਭਾਈ ਦਿਆਲਾ ਜੀ ਪਬਲਿਕ ਸਕੂਲ ਵੱਲੋਂ ਸ਼ਹੀਦੀ ਜੋੜ ਮੇਲ ਮੌਕੇ ਲੰਗਰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵੱਲੋਂ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਸੰਗਤਾਂ ਲਈ ਕੜਾਹ ਪ੍ਰਸ਼ਾਦ ਤੇ ਚਾਹ ਦਾ ਲੰਗਰ ਲਗਾਇਆ। ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਸ਼ਹੀਦ ਭਾਈ ਮਨੀ ਸਿੰਘ ਟਰੱਸਟ ਦੇ ਚੇਅਰਮੈਨ ਮਹਿੰਦਰ ਸਿੰਘ ਦੁੱਲਟ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਲੰਗਰ ਹਰ ਸਾਲ ਸ਼ਹੀਦਾਂ ਦੀ ਯਾਦ ਵਿੱਚ ਲਗਾਇਆ ਜਾਂਦਾ ਹੈ, ਜਿਸ ਵਿੱਚ ਸਕੂਲ ਦਾ ਸਮੁੱਚਾ ਸਟਾਫ ਤੇ ਬੱਚੇ ਤਨ ਤੇ ਮਨ ਨਾਲ ਸੇਵਾ ਕਰਦੇ ਹਨ। ਇਸ ਮੌਕੇ ਨਰਪਿੰਦਰ ਸਿੰਘ ਢਿੱਲੋਂ, ਸੁਖਵਿੰਦਰ ਸਿੰਘ, ਅਮਰੀਕ ਸਿੰਘ, ਕਰਮਜੀਤ ਸਿੰਘ, ਵੀਰਪਾਲ ਕੌਰ, ਸਰਬਜੀਤ ਕੌਰ, ਅਮਰ ਸਿੰਘ ਦੁੱਲਟ, ਪ੍ਰਿਤਪਾਲ ਸਿੰਘ, ਹਰਪ੍ਰੀਤ ਸਿੰਘ ਡੀ.ਪੀ.ਈ., ਅਕਾਸ਼ ਮਾਲਕ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਬੱਚਿਆਂ ਨੇ ਸੁਖਮਨੀ ਸਾਹਿਬ ਦੇ ਪਾਠਾਂ ਦੇ ਜਾਪ ਕੀਤੇ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਟ ਕੀਤੇ।

ਮਾਲ ਵਿਭਾਗ ਨਾਲ ਸੰਬੰਧਤ ਸੇਵਾਵਾਂ 'ਚ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਡੀ ਸੀ

ਸੰਗਰੂਰ (ਪ੍ਰਵੀਨ ਸਿੰਘ)-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਵੱਖ ਵੱਖ ਸੇਵਾਵਾਂ ਪ੍ਰਦਾਨ ਕਰਨ ਵਿੱਚ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਲੋਕਾਂ ਦੇ ਕੀਮਤੀ ਸਮੇਂ ਦੀ ਬੱਚਤ ਕਰਨ ਲਈ ਤੇ ਵਿਭਾਗਾਂ ਵਿੱਚ ਬੇਲੋੜੀ ਖੱਜਲ ਖੁਆਰੀ ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਲਈ ਅਧਿਕਾਰੀਆਂ ਨੂੰ ਸਰਗਰਮ ਯੋਗਦਾਨ ਪਾਉਣ ਦੀ ਲੋੜ ਹੈ। ਉਨ੍ਹਾਂ ਸਮੂਹ ਮਾਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਤਹਿਸੀਲਾਂ ਵਿੱਚ ਕੰਮ ਕਰਵਾਉਣ ਆਉਂਦੇ ਲੋਕਾਂ ਦੀ ਸੁਵਿਧਾ ਲਈ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ, ਉਚਿਤ ਬੈਠਣ ਵਿਵਸਥਾ, ਸਫਾਈ ਆਦਿ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਨ੍ਹਾ ਕਿਹਾ ਕਿ ਸਮੂਹ ਐੱਸ.ਡੀ.ਐਮਜ਼ ਵਿਭਾਗੀ ਪੜਤਾਲਾਂ ਦੇ ਬਕਾਇਆ ਕੇਸਾਂ ਨੂੰ ਜਲਦੀ ਤੋਂ ਜਲਦੀ ਨੇਪਰੇ ਚੜ੍ਹਾਉਣਾ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਇੰਤਕਾਲ ਦੇ ਬਕਾਇਆ ਮਾਮਲਿਆਂ, ਕੋਰਟ ਕੇਸਾਂ, ਸਾਲਾਨਾ ਸਟੈਂਪ ਡਿਊਟੀ, ਚੌਕੀਦਾਰਾ ਟੈਕਸ, ਮੇਰਾ ਘਰ ਮੇਰੇ ਨਾਮ ਸਕੀਮ ਆਦਿ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਵੱਖ-ਵੱਖ ਕਿੱਤਿਆਂ ਲਈ ਬਿਨੈਕਾਰਾਂ ਵੱਲੋਂ ਐੱਸ.ਸੀ. ਤੇ ਬੀ.ਸੀ. ਕਾਰਪੋਰੇਸ਼ਨ ਤੋਂ ਲਏ

31-DEC-PAGE-5.qxd 12/30/2023 10:50 PM Page 1

ਥਰਮਲ ਲਹਿਰਾ ਦੇ ਠੇਕਾ ਮੁਲਾਜ਼ਮਾਂ ਸਰਕਾਰ ਦਾ ਪੁਤਲਾ ਫੂਕਿਆ

ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰੇ ਸਰਕਾਰ : ਮੋਰਚਾ ਆਗੂ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਥਰਮਲ ਪਲਾਂਟ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ-7 'ਤੇ ਸੜਕ ਜਾਮ ਲਗਾ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਮੋਰਚੇ ਦੇ ਸੂਬਾਈ ਆਗੂਆਂ ਜਗਰੂਪ ਸਿੰਘ ਲਹਿਰਾ, ਜਗਸੀਰ ਸਿੰਘ ਭੰਗੂ, ਬਾਦਲ ਸਿੰਘ ਭੁੱਲਰ ਤੇ ਬਲਜਿੰਦਰ ਸਿੰਘ ਮਾਨ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਸਮੂਹ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਸੀ ਕਿ 'ਆਪ' ਸਰਕਾਰ ਬਨਣ 'ਤੇ ਸਰਕਾਰੀ ਵਿਭਾਗਾਂ ਵਿੱਚੋਂ ਠੇਕੇਦਾਰਾਂ ਤੇ ਕੰਪਨੀਆਂ ਨੂੰ ਬਾਹਰ ਕੱਢ ਕੇ ਸਮੂਹ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇਗਾ, ਪ੍ਰੰਤੂ ਸਰਕਾਰ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ ਉਪਰੰਤ ਵੀ ਸਰਕਾਰੀ ਵਿਭਾਗਾਂ 'ਚੋਂ ਠੇਕੇਦਾਰਾਂ/ਕੰਪਨੀਆਂ ਨੂੰ ਬਾਹਰ ਨਹੀਂ ਕੀਤਾ। ਅੱਜ ਵੀ ਸਰਕਾਰੀ ਵਿਭਾਗਾਂ ਵਿੱਚ ਪਿਛਲੇ 15-20 ਸਾਲਾਂ ਦੇ ਲੰਬੇ ਅਰਸੇ ਤੋਂ ਲਗਾਤਾਰ ਤਨਦੇਹੀ ਨਾਲ਼ ਸੇਵਾਵਾਂ ਦੇ ਰਹੇ ਇਨ੍ਹਾਂ ਠੇਕਾ ਮੁਲਾਜ਼ਮਾਂ ਦੀ ਅੰਨ੍ਹੀਂ ਲੁੱਟ ਹੋ ਰਹੀ ਹੈ। ਠੇਕੇਦਾਰਾਂ ਤੇ ਕੰਪਨੀਆਂ ਵੱਲੋਂ ਬਿਨਾਂ ਕੁੱਝ ਕੀਤੇ-ਕਰਾਏ ਵਿਭਾਗਾਂ ਦੀ ਅੰਨ੍ਹੀਂ ਲੁੱਟ ਕਰਕੇ ਲੋਕਾਂ ਨੂੰ ਸਸਤੀਆਂ ਸਹੂਲਤਾਂ ਦੇਣ ਵਾਲੇ ਸਮੂਹ ਸਰਕਾਰੀ ਅਦਾਰਿਆਂ ਨੂੰ ਤਬਾਹੀ ਵੱਲ ਧੱਕਿਆ ਜਾ ਰਿਹਾ ਹੈ। ਪੰਜਾਬ ਸਰਕਾਰ ਆਊਟਸੋਰਸਡ/ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਸਮੂਹ ਸਰਕਾਰੀ ਵਿਭਾਗਾਂ ਵਿੱਚ ਬਾਹਰੋਂ ਨਵੀਂ ਸਿੱਧੀ ਭਰਤੀ ਤੇ ਵਿਭਾਗਾਂ ਵਿੱਚੋਂ ਸੇਵਾਮੁਕਤ ਹੋਏ ਰੈਗੂਲਰ ਮੁਲਾਜ਼ਮਾਂ ਨੂੰ ਦੁਬਾਰਾ ਠੇਕੇਦਾਰਾਂ ਤੇ ਕੰਪਨੀਆਂ ਰਾਹੀਂ ਭਰਤੀ ਕਰਕੇ ਸਮੂਹ ਵਿਭਾਗਾਂ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨਾਲ਼ ਧੋਖਾ ਕਰ ਰਹੀ ਹੈ। ਇੱਕ ਪਾਸੇ ਮੁੱਖ ਮੰਤਰੀ ਸਮੂਹ ਸੰਘਰਸ਼ਸ਼ੀਲ ਧਿਰਾਂ ਨੂੰ ਸੜਕਾਂ ਨਾ ਜਾਮ ਕਰਨ ਤੇ ਚੰਡੀਗੜ੍ਹ ਆ ਕੇ ਮੀਟਿੰਗਾਂ ਕਰਨ ਦੀਆਂ ਨਸੀਹਤਾਂ ਦੇ ਰਹੇ ਹਨ, ਜਦਕਿ ਦੂਜੇ ਪਾਸੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਸੂਬਾ ਕਮੇਟੀ ਨੂੰ 19ਵੀ ਵਾਰ ਮੀਟਿੰਗਾਂ ਕਰਨ ਦੇ ਲਿਖਤੀ ਭਰੋਸੇ ਦੇਣ ਦੇ ਬਾਵਜੂਦ 'ਮੋਰਚੇ' ਦੀ ਸੂਬਾ ਕਮੇਟੀ ਨਾਲ਼ ਇੱਕ ਵੀ ਮੀਟਿੰਗ ਨਹੀਂ ਕੀਤੀ, ਜਿਸ ਦੇ ਰੋਸ ਵਜੋਂ ਠੇਕਾ ਮੁਲਾਜ਼ਮਾਂ ਵੱਲੋਂ ਅੱਜ ਸਮੁੱਚੇ ਪੰਜਾਬ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ ਹਨ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸੂਬਾ ਸਰਕਾਰ ਨੇ ਇਸ ਸੰਘਰਸ਼ ਪ੍ਰੋਗਰਾਮ ਤੋਂ ਕੋਈ ਸਬਕ ਲੈ ਕੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਸਮੇਤ ਹੋਰ ਸਮੂਹ ਮੰਗਾਂ ਦਾ ਕੋਈ ਸਾਰਥਿਕ ਹੱਲ ਨਾ ਕੀਤਾ ਤਾਂ ਠੇਕਾ ਮੁਲਾਜ਼ਮ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਅਮਨ ਲਾਡਪੁਰ ਦੀ ਤਰ੍ਹਾਂ ਹੋਰਨਾਂ ਲੋਕਾਂ ਨੂੰ ਵੀ ਪਿੰਡ ਦੇ ਵਿਕਾਸ ਲਈ ਯੋਗਦਾਨ ਪਾਉਣਾ ਚਾਹੀਦਾ : ਬਾਬਾ ਦਲਬਾਰਾ ਸਿੰਘ

ਅਮਨ ਵੱਲੋਂ ਲਗਵਾਈਆਂ ਇੰਟਰਲਾਕ ਟਾਇਲਾਂ, ਸਟਰੀਟ ਲਾਈਟਾਂ ਦਾ ਸੰਤ ਬਾਬਾ ਦਲਬਾਰਾ ਸਿੰਘ ਵੱਲੋਂ ਉਦਘਾਟਨ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)

ਨਜ਼ਦੀਕ ਪਿੰਡ ਲਾਡਪੁਰ ਵਿਖੇ ਅਮਨ ਲਾਡਪੁਰ ਵੱਲੋਂ ਆਪਣੇ ਪਿਤਾ ਸਵ. ਸੰਪੂਰਨ ਸਿੰਘ ਸਾਬਕਾ ਸਰਪੰਚ ਦੀ ਯਾਦ ਵਿੱਚ ਪਿੰਡ ਦੇ ਸ਼ਮਸ਼ਾਨ ਘਾਟ ਵਿਖੇ ਇੰਟਰਲਾਕ ਟਾਇਲਾਂ ਦੀ ਸੜਕ, ਸਟਰੀਟ ਲਾਈਟਾਂ ਤੇ ਪਾਣੀ ਦੀ ਟੈਂਕੀ ਰਖਵਾਈ ਗਈ, ਜਿਸ ਦਾ ਉਦਘਾਟਨ ਅੱਜ ਸੰਤ ਬਾਬਾ ਦਲਬਾਰਾ ਸਿੰਘ ਰੋਹੀਸਰ ਵਾਲਿਆਂ ਵੱਲੋਂ ਕੀਤਾ ਗਿਆ ਅਤੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਜੁੜੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਬਾਬਾ ਦਲਬਾਰਾ ਸਿੰਘ ਨੇ ਕਿਹਾ ਕਿ ਨੌਜਵਾਨ ਅਮਨ ਲਾਡਪੁਰ ਵੱਲੋਂ ਪਿੰਡ ਦੇ ਵਿਕਾਸ ਲਈ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ ਅਤੇ ਬਹੁਤ ਘੱਟ ਅਜਿਹੇ ਲੋਕ ਹਨ ਜਿਹੜੇ ਆਪਣੀ ਮਿਹਨਤ ਦੀ ਕਮਾਈ ਵਿਚੋਂ ਹਿੱਸਾ ਪਿੰਡ ਦੇ ਵਿਕਾਸ ਲਈ ਲਾਉਂਦੇ ਹਨ, ਉੱਥੇ ਹੀ ਅਮਨ ਹਮੇਸ਼ਾ ਹੀ ਜਦ ਮੈਨੂੰ ਮਿਲਦਾ ਹੈ ਤਾਂ ਆਪਣੇ ਪਿੰਡ ਬਾਰੇ ਗੱਲ ਕਰਦਾ ਹੈ ਤੇ ਕਿਸ ਤਰ੍ਹਾਂ ਪਿੰਡ ਵਿੱਚ ਜੋ ਵੀ ਘਾਟ ਹੈ ਨੂੰ ਪੂਰਾ ਕੀਤਾ ਜਾਵੇ ਅਤੇ ਪਿੰਡ ਸਾਫ ਸੁਥਰਾ ਤੇ ਵਿਕਾਸ ਪੱਖੋਂ ਮੋਹਰੀ ਬਣੇ ਇਹ ਨੌਜਵਾਨ ਆਉਣ ਵਾਲੇ ਸਮੇਂ ਵਿੱਚ ਵੀ ਪਿੰਡ ਨੂੰ ਵਿਕਾਸ ਦੀਆਂ ਲੀਹਾਂ ਵੱਲ ਲੈ ਕੇ ਜਾਣ ਲਈ ਹੋਰ ਯੋਗਦਾਨ ਪਾਵੇਗਾ ਅਤੇ ਹੋਰਨਾਂ ਲੋਕਾਂ ਨੂੰ ਵੀ ਇਸ ਨੌਜਵਾਨ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਨੌਜਵਾਨ ਅਮਨ ਲਾਡਪੁਰ ਨੇ ਕਿਹਾ ਕਿ ਉਹ ਆਪਣੇ ਪਿੰਡ ਨੂੰ ਵਿਕਾਸ ਵੱਲ ਲੈ ਕੇ ਜਾਣ ਲਈ ਮਿਹਨਤ ਜਾਰੀ ਰੱਖਣਗੇ ਤੇ ਅਜਿਹਾ ਕਰਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ।

ਇਸ ਮੌਕੇ ਸੰਤ ਬਾਬਾ ਦਲਬਾਰਾ ਸਿੰਘ ਰੋਹੀਸਰ ਵਾਲਿਆਂ ਦਾ ਅਮਨ ਲਾਡਪੁਰ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਰਣਜੀਤ ਸਿੰਘ ਕੋਟਲੀ, ਰਣਦੀਪ ਸਿੰਘ ਪਰਵਾਰੀ, ਮਹਿੰਦਰ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ ਪ੍ਰਧਾਨ, ਸਿਕੰਦਰ ਸਿੰਘ ਗੋਗੀ, ਹਰਜਿੰਦਰ ਸਿੰਘ, ਮਨਕੀਰਤ ਸਿੰਘ, ਅਮਨਪ੍ਰੀਤ ਸਿੰਘ, ਅਮਰਜੀਤ ਸਿੰਘ, ਕੁਲਦੀਪ ਖਾਨ, ਨੇਤਰ ਸਿੰਘ ਤੇ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ 3 ਰੋਜ਼ਾ ਗੁਰਮਤਿ ਕੈਂਪ

ਸੰਗਰੂਰ (ਪ੍ਰਵੀਨ ਸਿੰਘ)-ਪਿੰਡ ਰੂਪਾਹੇੜੀ ਦੇ ਗੁਰਦੁਆਰਾ ਅਬਚਲ ਨਗਰ ਸਾਹਿਬ ਵਿਖੇ ਐਜੂਕੇਟ ਪੰਜਾਬ ਪ੍ਰੋਜੈਕਟ ਤੇ ਗੁਰੂ ਨਾਨਕ ਮਲਟੀਵਰਸਿਟੀ ਲੁਧਿਆਣਾ ਵੱਲੋਂ 3 ਰੋਜ਼ਾ ਗਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ 50 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਸ ਮੌਕੇ ਸੰਸਥਾ ਦੇ ਯੂਥ ਕੌਂਸਲਰ ਭਾਈ ਰਾਜਵੀਰ ਸਿੰਘ ਤੇ ਬੀਬੀ ਰਣਜੀਤ ਕੌਰ ਨੇ ਬੱਚਿਆਂ ਨੂੰ ਗੁਰਮਤਿ ਮਰਿਆਦਾ, ਗੁਰਬਾਣੀ ਤੇ ਗੁਰ ਇਤਿਹਾਸ ਨਾਲ ਜੋੜਿਆ। ਇਸ ਕੈਂਪ ਵਿੱਚ ਬੱਚਿਆਂ ਨੇ ਵੱਡੀ ਗਿਣਤੀ 'ਚ ਭਾਗ ਲਿਆ। ਕੈਂਪ ਦੀ ਸਮਾਪਤੀ ਸਮੇਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸੰਸਥਾ ਵੱਲੋਂ ਬੱਚਿਆਂ ਨੂੰ ਧਾਰਮਿਕ ਫਿਲਮਾਂ ਵੀ ਦਿਖਾਈਆਂ ਗਈਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਗੇ ਤੋਂ ਵੀ ਅਜਿਹੇ ਹੋਰ ਕੈਂਪ ਲਗਾਉਣ ਲਈ ਕਿਹਾ।

ਝਾਕੀ 'ਤੇ ਰੋਕ ਲਗਾਉਣ ਨਾਲ ਮੋਦੀ ਸਰਕਾਰ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਹੋਇਆ : 'ਆਪ' ਆਗੂ

ਮੱਖੂ (ਰਛਪਾਲ ਸਿੰਘ ਸੰਧੂ)-ਇਤਿਹਾਸ ਗਵਾਹ ਹੈ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਤੇ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਕੇਂਦਰ ਦੀ ਮੋਦੀ ਸਰਕਾਰ ਵੱਲੋਂ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਜਨਪਥ 'ਤੇ ਹੋਣ ਵਾਲੀ ਪਰੇਡ ਵਿੱਚ ਪੰਜਾਬ ਦੀ ਝਾਕੀ 'ਤੇ ਰੋਕ ਲਗਾਉਣ ਨਾਲ ਮੋਦੀ ਸਰਕਾਰ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ, ਜਰਨੈਲ ਸਿੰਘ ਸੰਧੂ, ਅੰਗਰੇਜ਼ ਸਿੰਘ, ਗੌਰਵ ਮਦਾਨ, ਨਰੇਸ਼ ਮੋਗਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ, ਜਿਸ ਦੀ ਤਾਜ਼ਾ ਮਿਸਾਲ ਗਣਤੰਤਰ ਦਿਵਸ ਮੌਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਝਾਕੀ ਨੂੰ ਰੱਦ ਕਰਕੇ ਸੂਬੇ ਦੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ, ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਭਾਜਪਾ ਸਰਕਾਰ ਦੇ ਇੰਝ ਕਰਨ ਨਾਲ ਪੰਜਾਬੀਆਂ ਦੀਆਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਨੂੰ ਲੋਕਾਂ ਦੇ ਮਨਾਂ ਵਿੱਚੋਂ ਭੁਲਾ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਪੰਜਾਬ ਸ਼ਹੀਦਾਂ ਦੀ ਧਰਤੀ ਹੈ, ਇਸ ਨਾਲ ਅਜਿਹੀ ਬੇਇਨਸਾਫੀ ਹਰਗਿਜ ਨਹੀਂ ਹੋਣੀ ਚਾਹੀਦੀ। ਕੋਈ ਵੀ ਸਮਾਗਮ ਸਾਡੇ ਮਹਾਨ ਗੁਰੂ ਸਾਹਿਬਾਨ ਤੇ ਅਣਗਿਣਤ ਨਾਇਕਾਂ ਦੀਆਂ ਸ਼ਹਾਦਤਾਂ ਨੂੰ ਉਜਾਗਰ ਕੀਤੇ ਬਗੈਰ ਸੰਪੂਰਨ ਨਹੀਂ ਹੋ ਸਕਦਾ।

ਨਿਸ਼ਕਾਮ ਸੇਵਾ ਮੰਡਲ ਨੇ ਬੱਚਿਆਂ ਨੂੰ ਵੰਡੀ ਸਟੇਸ਼ਨਰੀ

ਨਾਭਾ (ਵਰਿੰਦਰ ਵਰਮਾ)-ਨਿਸ਼ਕਾਮ ਸੇਵਾ ਮੰਡਲ ਵਰਿੰਦਾਵਨ ਧਾਮ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਡਿਤ ਅਨੂ ਸ਼ਰਮਾ ਦੀ ਅਗਵਾਈ ਵਿੱਚ ਵਰਿੰਦਾਵਨ ਧਾਮ ਵਿਖੇ ਸੰਤ ਸਮਾਜ ਨੂੰ ਜਿੱਥੇ ਸਾਮਾਨ ਵੰਡਿਆ ਜਾਂਦਾ ਹੈ, ਉੱਥੇ ਹੀ ਅੱਜ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਫੂਲ ਡੋਲ ਬਾਬਾ ਵੱਲੋਂ ਬੱਚਿਆਂ ਨੂੰ ਸਟੇਸ਼ਨਰੀ, ਜੁਰਾਬਾਂ, ਖਾਣ-ਪੀਣ ਦੇ ਸਾਮਾਨ ਦੀ ਵੰਡ ਕੀਤੀ ਗਈ। ਮੰਡਲ ਦੇ ਮੁੱਖ ਸੇਵਾਦਾਰ ਪੰਡਿਤ ਅਨੂ ਸ਼ਰਮਾ ਨੇ ਕਿਹਾ ਕਿ ਅੱਜ 200 ਦੇ ਕਰੀਬ ਬੱਚਿਆਂ ਨੂੰ ਸਟੇਸ਼ਨਰੀ ਤੇ ਜੁਰਾਬਾਂ ਆਦਿ ਸਾਮਾਨ ਵੰਡਿਆ ਗਿਆ ਹੈ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦੀ ਸੇਵਾ ਕਰਨ ਨਾਲ ਦਿਲ ਨੂੰ ਸਕੂਨ ਮਿਲਦਾ ਹੈ। ਇਸ ਤਰ੍ਹਾਂ ਜ਼ਰੂਰਤਮੰਦ ਬੱਚਿਆਂ ਦੀ ਮਦਦ ਕੀਤੀ ਜਾਂਦੀ ਹੈ। ਇਸ ਮੌਕੇ ਸਮਾਜ ਸੇਵੀ ਐਡਵੋਕੇਟ ਚੰਦਰ ਸ਼ੇਖਰ ਜੌਲੀ, ਵੀਨਾ ਜੌਲੀ, ਪੱਲਵੀ ਮੰਗਲਾ, ਰਮੇਸ਼ ਤਲਵਾੜ, ਕੌਂਸਲਰ ਦਲੀਪ ਬਿੱਟੂ, ਆਮ ਆਦਮੀ ਪਾਰਟੀ ਬਲਾਕ ਪ੍ਰਧਾਨ ਸੰਦੀਪ ਸ਼ਰਮਾ, ਮੈਡਮ ਨੀਲਮ ਸ਼ਰਮਾ, ਟੋਨੀ ਰਾਮਪੁਰਾ ਫੂਲ, ਪਰਮਜੀਤ ਸਿੰਘ ਸ਼ਰਮਾ, ਵਰਿੰਦਰ ਵਰਮਾ, ਅੰਜਨਾ ਗਰਗ, ਨਵਦੀਪ ਸ਼ਰਮਾ, ਗੀਨਾ ਸ਼ਰਮਾ, ਅਨੂ ਸ਼ਰਮਾ, ਰਜਨੀ ਸ਼ਰਮਾ, ਨਰਿੰਦਰ ਕੁਮਾਰ, ਗਿੰਨੀ ਸ਼ਰਮਾ, ਚੇਤਨ ਸ਼ਰਮਾ, ਅਰਪਿਤਾ ਸ਼ਰਮਾ, ਕ੍ਰਿਸਕਾ ਸ਼ਰਮਾ ਆਦਿ ਹਾਜ਼ਰ ਸਨ।

ਰਵਿੰਦਰ ਸਿੰਘ ਕਾਲਾ ਪ੍ਰੈੱਸ ਕਲੱਬ ਦੇ ਪ੍ਰਧਾਨ ਨਿਯੁਕਤ

ਮਮਦੋਟ (ਹਰਪਾਲ ਸਿੰਘ ਸੋਢੀ)-ਪ੍ਰੈੱਸ ਕਲੱਬ ਦੇ ਦਫਤਰ ਵਿਖੇ ਮਮਦੋਟ ਦੇ ਸਮੂਹ ਪੱਤਰਕਾਰਾਂ ਦੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਦੀ ਅਗਵਾਈ ਪ੍ਰੈੱਸ ਕਲੱਬ ਦੇ ਚੇਅਰਮੈਨ ਹਰਪਾਲ ਸਿੰਘ ਨੀਟਾ ਸੋਢੀ ਨੇ ਕੀਤੀ, ਜਿਸ ਵਿੱਚ ਮੌਜੂਦਾ ਪ੍ਰੈੱਸ ਕਲੱਬ ਨੂੰ ਭੰਗ ਕੀਤਾ ਗਿਆ ਅਤੇ ਸਮੂਹ ਪ੍ਰੈੱਸ ਕਲੱਬ ਵੱਲੋਂ ਸਾਲ 2024 ਲਈ ਰਵਿੰਦਰ ਸਿੰਘ ਕਾਲਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਇਸ ਚੋਣ ਵਿੱਚ ਸੀਨੀਅਰ ਪੱਤਰਕਾਰ ਹਰਪਾਲ ਸਿੰਘ ਨੀਟਾ ਸੋਢੀ, ਡਾ. ਨਿਰਵੈਰ ਸਿੰਘ ਸਿੰਧੀ, ਸੀਨੀਅਰ ਪੱਤਰਕਾਰ ਬਲਦੇਵ ਸ਼ਰਮਾ, ਗੁਰਪ੍ਰੀਤ ਸਿੰਘ ਸੰਧੂ, ਰਜਿੰਦਰ ਸਿੰਘ ਹਾਂਡਾ, ਜਸਵੰਤ ਸਿੰਘ ਕੰਬੋਜ, ਸੰਜੀਵ ਮਦਾਨ, ਬਗੀਚਾ ਸਿੰਘ, ਜੋਗਿੰਦਰ ਸਿੰਘ ਭੋਲਾ, ਜਸਬੀਰ ਸਿੰਘ ਕੰਬੋਜ, ਹਰਪ੍ਰੀਤ ਸਿੰਘ ਹੈਪੀ, ਤੇਜਿੰਦਰ ਢੀਂਗਰਾ, ਬਲਜੀਤ ਸਿੰਘ, ਸੰਦੀਪ ਕੁਮਾਰ ਸੋਨੀ, ਨਿਸ਼ਾਨ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਸਮੂਹ ਪੱਤਰਕਾਰਾਂ ਦਾ ਧੰਨਵਾਦ ਕਰਦਿਆਂ ਨਵ-ਨਿਯੁਕਤ ਪ੍ਰਧਾਨ ਰਵਿੰਦਰ ਸਿੰਘ ਕਾਲਾ ਨੇ ਆਪਣੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਤੁਸੀਂ ਸਾਰਿਆਂ ਨੇ ਮੈਨੂੰ ਮਾਣ ਬਖਸ਼ਿਆ ਹੈ, ਮੈਂ ਇਸ ਦਾ ਸਾਰੀ ਜ਼ਿੰਦਗੀ ਰਿਣੀ ਰਹਾਂਗਾ। ਉਨ੍ਹਾ ਇਲਾਕੇ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਲੱਬ ਵੱਲੋਂ ਹਲਕੇ ਦੀਆਂ ਮੁਸ਼ਕਲਾਂ ਸਰਕਾਰ ਤੱਕ ਪਹਿਲ ਦੇ ਅਧਾਰ 'ਤੇ ਪਹੁੰਚਾਈਆਂ ਜਾਣਗੀਆਂ ਤੇ ਮਮਦੋਟ ਪ੍ਰੈੱਸ ਕਲੱਬ ਵੱਲੋਂ ਨਿਰੋਲ ਤੇ ਨਿਰਪੱਖ ਪੱਤਰਕਾਰੀ ਕੀਤੀ ਜਾਵੇਗੀ।

ਹਜ਼ਾਰ ਰੁਪਏ ਦਾ ਵਾਅਦਾ ਪੂਰਾ ਕਰਵਾਉਣ ਲਈ ਮੁੱਖ ਮੰਤਰੀ ਦੀ ਕੋਠੀ ਅੱਗੇ 5 ਨੂੰ ਦੇਵਾਂਗੇ ਧਰਨਾ : ਮਨੋਜ ਸ਼ਰਮਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਔਰਤਾਂ ਦੇ ਖਾਤੇ ਵਿੱਚ ਹਰ ਮਹੀਨੇ ਇੱਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਸੀ ਅਤੇ ਪੰਜਾਬ ਵਿੱਚ ਆਪ ਦੀ ਸਰਕਾਰ ਬਣੀ ਨੂੰ ਲਗਭਗ 20 ਮਹੀਨੇ ਹੋ ਚੁੱਕੇ ਹਨ, ਪਰ ਸਰਕਾਰ ਹੁਣ ਆਪਣੇ ਕੀਤੇ ਹੋਏ ਵਾਅਦੇ ਤੋਂ ਪਿ

page-6-31-Dec.-2023-(SM).qxd 12/30/2023 11:00 PM Page 1

ਪੰਜਾਬ 'ਚ ਸੜਕੀ ਦੁਰਘਨਾਵਾਂ ਸੰਬੰਧੀ ਮੌਤ ਦਰ 'ਚ ਕਮੀ ਦਰਜ : ਗੌਰਵ ਯਾਦਵ

ਚੰਡੀਗੜ੍ਹ (ਗੁਰਜੀਤ ਬਿੱਲਾ)-ਸੜਕ ਸੁਰੱਖਿਆ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਗਤੀਸ਼ੀਲ ਸੋਚ ਤਹਿਤ ਪੰਜਾਬ ਵਿੱਚ ਸਾਲ 2021 ਦੇ ਮੁਕਾਬਲੇ 2022 ਦੌਰਾਨ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ 'ਚ 0.24 ਫੀਸਦ ਦੀ ਕਮੀ ਆਈ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਜ਼ਿਕਰਯੋਗ ਹੈ ਕਿ ਸਾਲ 2022 ਵਿੱਚ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ 4,578 ਮੌਤਾਂ ਦਰਜ ਕੀਤੀਆਂ ਗਈਆਂ ਸਨ।

ਸੂਬੇ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ 'ਚ ਆਈ ਇਹ ਮਹੱਤਵਪੂਰਨ ਗਿਰਾਵਟ ਦੇਸ ਵਿਆਪੀ ਰੁਝਾਨ, ਜਿਸ ਦੌਰਾਨ 2022 ਵਿੱਚ ਸੜਕੀ ਮੌਤਾਂ ਵਿੱਚ 9.4 ਪ੍ਰਤੀਸਤ ਦਾ ਵਾਧਾ ਹੋਇਆ, ਦੇ ਬਿਲਕੁੱਲ ਉਲਟ ਹੈ, ਜਿਸ ਦੇ ਨਤੀਜੇ ਵਜੋਂ ਭਾਰਤ ਵਿੱਚ ਸੜਕ ਹਾਦਸਿਆਂ ਵਿੱਚ ਕੁੱਲ 1,68,491 ਮੌਤਾਂ ਹੋਈਆਂ।

ਪੰਜਾਬ ਸੜਕੀ ਹਾਦਸੇ ਅਤੇ ਟਰੈਫ਼ਿਕ ਦੀ ਸਾਲਾਨਾ ਰਿਪੋਰਟ-2022 ਲਾਂਚ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਸੜਕ ਸੁਰੱਖਿਆ ਫੋਰਸ (ਐਸਐਸਐਫ), ਜੋ ਕਿ ਸੜਕ ਸੁਰੱਖਿਆ ਅਤੇ ਸਮਾਜ ਵਿਰੋਧੀ ਅਨਸਰਾਂ 'ਤੇ ਨਕੇਲ ਕੱਸਣ ਵਾਲੀ ਵਿਸੇਸ ਪੁਲਸ ਟੀਮ ਹੈ, ਦੀ ਸ਼ੁਰੂਆਤ ਨਾਲ ਇਸ ਗਿਰਾਵਟ ਦੇ ਰੁਝਾਨ ਵਿੱਚ ਹੋਰ ਤੇਜੀ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਮਾਗ ਦੀ ਉਪਜ-ਐਸਐਸਐਫ ਜਲਦੀ ਹੀ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹੋਵੇਗੀ, ਜਿਸ ਨਾਲ ਨਾ ਸਿਰਫ ਦੁਰਘਟਨਾਵਾਂ ਵਿੱਚ ਕਮੀ ਲਿਆ ਕੇ ਕੀਮਤੀ ਜਾਨਾਂ ਬਚਾਉਣ ਵਿੱਚ ਮਦਦ ਮਿਲੇਗੀ ਬਲਕਿ ਸੂਬੇ ਵਿੱਚ ਆਵਾਜਾਈ ਨੂੰ ਵੀ ਸੁਚਾਰੂ ਬਣਾਇਆ ਜਾ ਸਕੇਗਾ। ਡੀਜੀਪੀ ਨੇ ਪੰਜਾਬ ਪੁਲਸ, ਪੰਜਾਬ ਰੋਡ ਸੇਫਟੀ ਐਂਡ ਟ੍ਰੈਫਿਕ ਰਿਸਰਚ ਸੈਂਟਰ ਦੀਆਂ ਟੀਮਾਂ ਵੱਲੋਂ ਕੀਤੀ ਸਖਤ ਮਿਹਨਤ ਦੀ ਸ਼ਲਾਘਾ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ। ਏਡੀਜੀਪੀ ਟ੍ਰੈਫਿਕ ਏ.ਐਸ ਰਾਏ ਨੇ ਦੱਸਿਆ ਕਿ ਪੰਜਾਬ ਸੜਕੀ ਹਾਦਸੇ ਅਤੇ ਟਰੈਫ਼ਿਕ ਦੀ ਸਾਲਾਨਾ ਰਿਪੋਰਟ-2022, ਪੰਜਾਬ ਪੁਲਿਸ ਅਤੇ ਪੰਜਾਬ ਰੋਡ ਸੇਫਟੀ ਐਂਡ ਟ੍ਰੈਫਿਕ ਰਿਸਰਚ ਸੈਂਟਰ ਵੱਲੋਂ ਕੀਤੀ ਗਈ ਪਹਿਲ ਹੈ। ਪੰਜਾਬ ਰੋਡ ਸੇਫਟੀ ਐਂਡ ਟਰੈਫਿਕ ਰਿਸਰਚ ਸੈਂਟਰ ਦੇ ਡਾਇਰੈਕਟਰ ਡਾ. ਨਵਦੀਪ ਅਸੀਜਾ ਨੇ ਰਿਪੋਰਟ ਦੀਆਂ ਮੁੱਖ ਲੱਭਤਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 2022 ਵਿੱਚ 7.44% ਦੀ ਸਾਲਾਨਾ ਵਾਧਾ ਦਰ ਦੇ ਹਿਸਾਬ ਨਾਲ ਪੰਜਾਬ ਵਿੱਚ ਕੁੱਲ 5,55,429 ਮੋਟਰ ਵਾਹਨ ਰਜਿਸਟਰਡ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਅਗਸਤ 2023 ਤੱਕ ਪੰਜਾਬ ਵਿੱਚ ਕੁੱਲ ਰਜਿਸਟਰਡ ਵਾਹਨਾਂ ਦੀ ਗਿਣਤੀ 1.33 ਕਰੋੜ (1,32,87,350) ਸੀ।

ਉਨ੍ਹਾਂ ਕਿਹਾ ਕਿ ਪਿਛਲੇ ਸਾਲ 2021 ਦੇ ਮੁਕਾਬਲੇ ਫਰਵਰੀ, ਜੁਲਾਈ, ਸਤੰਬਰ, ਅਕਤੂਬਰ, ਨਵੰਬਰ ਅਤੇ ਦਸੰਬਰ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ ਕਮੀ ਦੇਖੀ ਗਈ ਹੈ, ਜਦੋਂ ਕਿ ਬਾਕੀ ਹੋਰ ਸਾਰੇ ਮਹੀਨਿਆਂ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਤੇਜ਼ ਰਫ਼ਤਾਰ ਨਾਲ ਵਾਹਨ ਚਲਾਉਣਾ ਅਤੇ ਅਵਾਰਾ ਪਸ਼ੂ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸਾਲ 2022 ਵਿੱਚ ਤੇਜ਼ ਰਫ਼ਤਾਰ ਨਾਲ ਵਾਹਨ ਚਲਾਉਣ ਕਰਕੇ ਕੁੱਲ 2085 ਲੋਕ ਸੜਕ ਹਾਦਸਿਆਂ ਵਿੱਚ ਮਾਰੇ ਗਏ ਅਤੇ 421 ਮੌਤਾਂ ਅਵਾਰਾ ਪਸ਼ੂਆਂ ਕਰਕੇ ਹੋਈਆਂ।

ਦੱਸਣਯੋਗ ਹੈ ਕਿ ਸਾਲ 2022 ਵਿੱਚ ਸੜਕ ਹਾਦਸਿਆਂ ਵਿੱਚ ਹੋਈਆਂ ਸਭ ਤੋਂ ਵੱਧ ਮੌਤਾਂ, ਜੋ ਸੂਬੇ ਵਿੱਚ ਸੜਕ ਹਾਦਸਿਆਂ ਵਿੱਚ ਹੋਈਆਂ ਕੁੱਲ ਮੌਤਾਂ ਦਾ 26 ਫੀਸਦ ਬਣਦੀਆਂ ਹਨ, ਸਾਮ 6 ਵਜੇ ਤੋਂ ਰਾਤ 9 ਵਜੇ ਦਰਮਿਆਨ ਦਰਜ ਕੀਤੀਆਂ ਗਈਆਂ ਹਨ, ਜਦੋਂ ਕਿ ਸੜਕ ਹਾਦਸਿਆਂ ਵਿੱਚ ਹੋਈਆਂ ਮੌਤਾਂ ਵਿੱਚੋਂ ਘੱਟੋ-ਘੱਟ 75 ਪ੍ਰਤੀਸ਼ਤ ਮੌਤਾਂ ਪੇਂਡੂ ਖੇਤਰਾਂ ਵਿੱਚ ਦਰਜ ਕੀਤੀਆਂ ਗਈਆਂ ਹਨ। ਸਮਾਜਿਕ-ਆਰਥਿਕ ਲਾਗਤ ਵਿਸਲੇਸਣ ਦੇ ਅਨੁਸਾਰ ਪੰਜਾਬ ਵਿੱਚ ਸਾਲ 2022 'ਚ ਸੜਕ ਹਾਦਸਿਆਂ ਵਿੱਚ 21,517 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਸੂਬੇ ਦੇ ਸਰਵਪੱਖੀ ਵਿਕਾਸ ਦੇ ਏਜੰਡੇ 'ਤੇ ਕੰਮ ਕਰ ਰਹੀ ਪੰਜਾਬ ਸਰਕਾਰ : ਬਲਕਾਰ ਸਿੰਘ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਦੇ ਏਜੰਡੇ 'ਤੇ ਕੰਮ ਰਹੀ ਹੈ ਅਤੇ ਇਸ ਸਰਕਾਰ ਨੇ ਰਾਜ ਦੇ ਹਰ ਵਰਗ ਦੀ ਭਲਾਈ ਲਈ ਕ੍ਰਾਂਤੀਕਾਰੀ ਫੈਸਲੇ ਲਏ ਹਨ। ਏਥੇ ਇਕ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੈਬਿਨਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੋਚ ਹਰ ਵਰਗ ਨੂੰ ਨਾਲ ਲੈ ਕੇ ਚੱਲਣ ਅਤੇ ਉਨ੍ਹਾਂ ਦਾ ਚਹੁੰ ਮੁਖੀ ਵਿਕਾਸ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਹਰ ਵਰਗ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਜਿਨ੍ਹਾਂ ਵਿੱਚ 600 ਯੂਨਿਟ ਬਿਜਲੀ ਮੁਆਫੀ, ਆਮ ਆਦਮੀ ਕਲੀਨਿਕ, ਸਕੂਲ ਆਫ ਐਮੀਨੈਂਸ, ਮੁੱਖ ਮੰਤਰੀ ਤੀਰਥ ਯਾਤਰਾ ਸਕੀਮ, ਸਰਕਾਰ ਤੁਹਾਡੇ ਦੁਆਰ ਅਤੇ ਹੋਰ ਕੋਈ ਪਹਿਲਕਦਮੀਆਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਦੇ ਹੋਏ ਸੂਬੇ ਦੇ ਲੋਕਾਂ ਨੂੰ ਦਿੱਤੀਆਂ ਗਾਰੰਟੀਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਕਰਤਾਰਪੁਰ ਸ਼ਹਿਰ ਦੇ ਵਿਕਾਸ ਦੀ ਗੱਲ ਕਰਦਿਆਂ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਸਫਾਈ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਤੌਰ 'ਤੇ ਕੂੜਾ ਚੁੱਕਣ ਲਈ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਨੇੜੇ ਸਵਾ 2 ਕਰੋੜ ਰੁਪਏ ਦੀ ਲਾਗਤ ਨਾਲ ਜਲਦ ਹੀ ਸੜਕ ਦਾ ਨਿਰਮਾਣ ਕਰਵਾਇਆ ਜਾਵੇਗਾ, ਜਿਸ ਦੇ ਟੈਂਡਰ ਕੁਝ ਦਿਨਾਂ ਵਿੱਚ ਹੋ ਜਾਣਗੇ। ਸੜਕ ਦੇ ਨਾਲ-ਨਾਲ ਲਾਈਟਿੰਗ ਅਤੇ ਫੁੱਟਪਾਥ ਦਾ ਨਿਰਮਾਣ ਵੀ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਇਹ ਵੀ ਕਿਹਾ ਕਿ ਸ਼ਹਿਰ ਦਾ ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਜੁੜਿਆ ਹੋਣ ਕਰਕੇ ਇਥੇ ਗੁਰੂ ਸਾਹਿਬ ਦੇ ਨਾਮ 'ਤੇ ਯਾਦਗਾਰੀ ਗੇਟ ਵੀ ਬਣਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਕੌਂਸਲਰ ਕੋਮਲ ਅਗਰਵਾਲ ਪੂਰੇ ਪਰਵਾਰ ਸਮੇਤ ਪਾਰਟੀ ਵਿੱਚ ਸ਼ਾਮਲ ਹੋਏ, ਜਿਨ੍ਹਾਂ ਦਾ ਸਵਾਗਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀਆਂ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਲੋਕ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ। ਸੌਰਵ ਗੁਪਤਾ, ਅਨਿਲ ਸਿੰਗਲਾ ਆਦਿ ਨੇ ਵੀ ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ।

ਪੰਜਾਬ ਸਰਕਾਰ ਕਿਸਾਨ ਪੱਖੀ ਨੀਤੀਆਂ ਜਾਰੀ ਕਰੇ ਨਹੀਂ ਤਾਂ ਵਿੱਢਾਂਗੇ ਤਿੱਖਾ ਸੰਘਰਸ਼ : ਪੱਟੀ/ਸਿੱਧਵਾਂ

ਝਬਾਲ (ਹਰਜਿੰਦਰ ਸਿੰਘ ਸੋਨੀ)-ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਜ਼ਿਲ੍ਹਾ ਤਰਨਤਾਰਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ, ਹਰਦੀਪ ਸਿੰਘ ਜੌੜਾ ਅਤੇ ਤਰਸੇਮ ਸਿੰਘ ਕੁਹਾੜਕਾ ਦੀ ਅਗਵਾਈ ਹੇਠ ਪਿੰਡ ਕੁਹਾੜਕੇ ਵਿਚ ਹੋਈ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਦਾਰ ਸੰਤੋਖ ਸਿੰਘ, ਮੇਹਰ ਸਿੰਘ, ਕਰਨੈਲ ਸਿੰਘ ਸਭਰਾ, ਸੁਲੱਖਣ ਸਿੰਘ ਮੁੰਡਾਲਾ ਨੇ ਦੱਸਿਆ ਕਿ ਜ਼ਿਲ੍ਹਾ ਤਰਨਤਾਰਨ ਵਿਖੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਰੂਪ ਸਿੰਘ ਛੰਨਾ ਅਤੇ ਜਗਤਾਰ ਸਿੰਘ ਕਾਲਾਝਾੜ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਸੂਬਾ ਕਮੇਟੀ ਨੇ ਸੂਬਾਈ ਮੀਟਿੰਗ ਵਿਚ ਫੈਸਲਾ ਕਰਕੇ ਪੰਜਾਬ ਸਰਕਾਰ ਅੱਗੇ ਹੇਠ ਲਿਖੀਆਂ ਮੰਗਾਂ ਰੱਖੀਆਂ ਹਨ ਜਿਵੇਂ ਕਿ ਪੰਜਾਬ ਸਰਕਾਰ ਵੱਲੋਂ ਵਾਅਦੇ ਮੁਤਾਬਕ ਪੰਜਾਬ ਲਈ ਨਵੀਂ ਕਿਸਾਨ ਪੱਖੀ ਖੇਤੀ-ਨੀਤੀ ਦਾ 21 ਜਨਵਰੀ ਤੱਕ ਐਲਾਨ ਕੀਤਾ ਜਾਵੇ, ਖੇਤੀ ਮਸਲੇ ਹੱਲ ਕੀਤੇ ਜਾਣ, ਬੇਜ਼ਮੀਨੇ, ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਜ਼ਮੀਨ ਦੀ ਤੋਟ ਪੂਰੀ ਕੀਤੀ ਜਾਵੇ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਸਸਤੇ ਸਰਕਾਰੀ ਖੇਤੀ ਕਰਜ਼ਿਆਂ ਦਾ ਪ੍ਰਬੰਧ ਕੀਤਾ ਜਾਵੇ, ਕਿਸਾਨ ਪੱਖੀ ਕਰਜ਼ਾ ਕਾਨੂੰਨ ਬਣਾਇਆ ਜਾਵੇ. ਸੂਦਖੋਰੀ ਦਾ ਖਾਤਮਾ ਹੋਵੇ, ਕਿਸਾਨਾਂ, ਮਜ਼ਦੂਰਾਂ ਦੇ ਕਰਜ਼ਿਆਂ ਉਪਰ ਲੀਕ ਮਾਰੀ ਜਾਵੇ, ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਦਾ ਕੀਤਾ ਜਾਵੇ, ਪਾਣੀ ਨੂੰ ਪਲੀਤ ਕਰਨ ਅਤੇ ਸੰਸਾਰ ਬੈਂਕ ਨੂੰ ਸੌਂਪਣ ਦੀ ਨੀਤੀ ਦਾ ਖਾਤਮਾ ਕੀਤਾ ਜਾਵੇ, ਧਰਤੀ ਹੇਠਲੇ ਪਾਣੀ ਦੀ ਮੁੜ ਭਰਪਾਈ ਲਈ ਵਿਗਿਆਨਕ ਢਾਂਚਾ ਉਸਾਰਿਆ ਜਾਵੇ, ਝੋਨੇ ਦੀ ਖੇਤੀ ਹੇਠੋਂ ਰਕਬਾ ਘਟਾਉਣ ਨੂੰ ਯਕੀਨੀ ਬਣਾਇਆ ਜਾਵੇ, ਖੇਤੀ ਕਿੱਤੇ ਤੋਂ ਵਾਫਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਕ ਜੀਆਂ, ਮਰਦਾਂ ਅਤੇ ਔਰਤਾਂ ਲਈ ਲਾਹੇਵੰਦ ਰੋਜ਼ਗਾਰ ਯਕੀਨੀ ਬਣਾਇਆ ਜਾਵੇ, ਬੇਰੁਜ਼ਗਾਰਾਂ ਨੂੰ ਭੱਤਾ ਦਿੱਤਾ ਜਾਵੇ, ਕੁਦਰਤੀ ਆਫਤਾਂ, ਕੀਟਨਾਸ਼ਕਾਂ, ਮਿਲਾਵਟੀ ਵਸਤਾਂ ਜਾਂ ਫਸਲੀ ਰੋਗਾਂ ਤੇ ਖੇਤੀ ਹਾਦਸਿਆਂ ਦੀ ਮਾਰ ਹੇਠ ਆਈ ਕਿਸਾਨੀ ਨੂੰ ਬਚਾਉਣ ਲਈ ਸਰਕਾਰੀ ਖਜ਼ਾਨੇ ਦੀ ਰਾਖਵੀਂ ਪੂੰਜੀ ਦੀ ਖੁੱਲ੍ਹੀ ਵਰਤੋਂ ਹੋਵੇ, ਕਿਸਾਨ ਪੱਖੀ ਖੇਤੀ ਨੀਤੀਆਂ ਲਾਗੂ ਕਰਨ ਲਈ ਮੋਟੀ ਬਜਟ ਪੂੰਜੀ ਇਕੱਤਰ ਕੀਤੀ ਜਾਵੇ, ਕਿਸਾਨੀ ਦੀਆਂ ਉਭਰੀਆਂ ਹੋਰ ਛੋਟੀਆਂ ਮੰਗਾਂ ਅਤੇ ਨਸ਼ਾ ਮੁਕਤੀ ਲਈ ਮੰਗਾਂ ਵੱਖਰੇ ਤੌਰ 'ਤੇ ਭੇਜੀਆਂ ਜਾ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਜੇਕਰ 21 ਜਨਵਰੀ ਤੱਕ ਪੰਜਾਬ ਸਰਕਾਰ ਨੇ ਕਿਸਾਨ ਪੱਖੀ ਨੀਤੀ ਜਾਰੀ ਨਾ ਕੀਤੀ ਤਾਂ ਸਰਕਾਰ ਕਿਸਾਨੀ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਵੇ।

22 ਜਨਵਰੀ ਤੋਂ ਡੀ ਸੀ ਦਫਤਰਾਂ ਅੱਗੇ ਪੰਜ ਰੋਜ਼ਾ ਧਰਨੇ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਦਲੇਰ ਸਿੰਘ ਰਾਜੋਕੇ, ਭੁਪਿੰਦਰ ਸਿੰਘ ਠੱਠੀਆਂ, ਅਮਰੀਕ ਸਿੰਘ ਜੌੜਾ, ਕਰਮਜੀਤ ਸਿੰਘ ਸਭਰਾਂ, ਬੰਗਾ ਸਿੰਘ ਸਭਰਾਂ, ਗੁਰਦਿਆਲ ਸਿੰਘ ਨੱਥੂਚੱਕ, ਇੰਦਰਜੀਤ ਸਿੰਘ ਮਾੜੀਮੇਘਾ, ਗੁਪਾਲ ਸਿੰਘ, ਜਰਨੈਲ ਸਿੰਘ ਕੁਹਾੜਕਾ, ਗੁਰਪ੍ਰੀਤ ਸਿੰਘ ਕਿਰਤੋਵਾਲ, ਕਸ਼ਮੀਰ ਸਿੰਘ ਲੋਹਕਾ, ਬੂਟਾ ਸਿੰਘ, ਜਸਵੰਤ ਸਿੰਘ ਸੋਹਲ, ਅਜੀਤ ਭੈਲ, ਜਤਿੰਦਰ ਸਿੰਘ ਪੱਟੀ, ਬਖਸ਼ੀਸ਼ ਸਿੰਘ ਬਹਾਦਰ ਨਗਰ, ਮੁਖਤਿਆਰ ਸਿੰਘ, ਸੁਰਿੰਦਰ ਸਿੰਘ ਗੋਲਡੀ ਬਾਹਮਣੀ ਵਾਲਾ, ਸੁਖਵੰਤ ਸਿੰਘ ਵਲਟੋਹਾ, ਸਤਬੀਰ ਕੋਟਲੀ, ਸੋਹਣ ਸਭਰਾਂ ਆਦਿ ਵੱਖ-ਵੱਖ ਬਲਾਕਾਂ ਅਤੇ ਪਿੰਡ ਦੇ ਪ੍ਰਧਾਨ ਹਾਜ਼ਰ ਸਨ।

ਸ਼ਹੀਦ ਸ਼ਮਸ਼ੇਰ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਪਿੰਡ ਡੱਗਤੂਤ ਦਾ ਵਸਨੀਕ ਫੌਜੀ ਜਵਾਨ ਸ਼ਮਸ਼ੇਰ ਸਿੰਘ ਪੁੱਤਰ ਗੁਰਦੀਪ ਸਿੰਘ ਜੋ ਗਲੇਸ਼ੀਅਰ ਵਿੱਚ ਡਿਊਟੀ ਦੌਰਾਨ ਬਰਫ ਦੀ ਢਿੱਗ ਡਿੱਗਣ ਕਾਰਨ ਸ਼ਹੀਦ ਹੋ ਗਿਆ ਸੀ, ਦਾ ਪਿੰਡ ਡੱਗਤੂਤ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸ਼ਮਸ਼ੇਰ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਕਰੀਬ 5 ਸਾਲ ਪਹਿਲਾਂ ਫੌਜ ਦੀ 105 ਇੰਜੀਨੀਅਰਿੰਗ ਬਟਾਲੀਅਨ ਵਿੱਚ ਭਰਤੀ ਹੋਇਆ ਸੀ ਜੋ ਹੁਣ ਗਲੇਸ਼ੀਅਰ ਵਿੱਚ ਆਪਣੀ ਡਿਊਟੀ ਨਿਭਾਅ ਰਿਹਾ ਸੀ। ਅਚਾਨਕ ਬਰਫ ਦੀ ਢਿੱਗ ਡਿੱਗਣ ਕਾਰਨ ਸ਼ਹੀਦ ਹੋ ਗਿਆ। ਫੌਜ ਦੀ ਟੁਕੜੀ ਵੱਲੋਂ ਆਪਣੇ ਅਫਸਰਾਂ ਨਾਲ ਸ਼ਹੀਦ ਦੀ ਮ੍ਰਿਤਕ ਦੇਹ ਨੂੰ ਪਿੰਡ ਡੱਗਤੂਤ ਲਿਆਂਦਾ ਗਿਆ ਜਿੱਥੇ ਪ੍ਰਸ਼ਾਸਨ ਵੱਲੋਂ ਨਾਇਬ ਤਹਿਸੀਲਦਾਰ ਸਮੇਤ ਫੌਜ ਦੇ ਅਧਿਕਾਰੀਆਂ ਅਤੇ ਪਨਗ੍ਰੇਨ ਦੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਭਾਜਪਾ ਦੇ ਸੂਬਾ ਆਗੂ ਹਰਦਿਆਲ ਸਿੰਘ ਔਲਖ ਸਮੇਤ ਵੱਖ-ਵੱਖ ਅਧਿਕਾਰੀਆਂ ਵੱਲੋਂ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਪਰਿਵਾਰ ਨੂੰ ਬਣਦੀ ਸਹਾਇਤਾ ਦੇਣ ਦਾ ਵਾਅਦਾ ਕੀਤਾ ਗਿਆ।

ਪੰਜਾਬ ਮਹਿਲਾ ਹਾਕੀ ਮਾਸਟਰਜ਼ ਕਮੇਟੀ ਦਾ ਗਠਨ

ਜਲੰਧਰ(ਸ਼ੈਲੀ ਅਲਬਰਟ) ਪੰਜਾਬ ਦੀਆਂ ਸਾਬਕਾ ਹਾਕੀ ਖਿਡਾਰਣਾਂ ਨੇ ਹਾਕੀ ਦੀ ਖੇਡ ਨਾਲ ਆਪਣਾ ਲਗਾਅ ਘੱਟ ਨਹੀਂ ਹੋਣ ਦਿੱਤਾ। ਪੰਜਾਬ ਦੀਆਂ ਇਨ੍

31-DEC-PAGE-7.qxd 12/30/2023 10:56 PM Page 1

ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕੀਤਾ ਯਾਦ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਬੇਟ ਖੇਤਰ ਦੀ ਨਾਮਵਰ ਵਿੱਦਿਅਕ ਸੰਸਥਾ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਮਹਾਨ ਸ਼ਹਾਦਤਾਂ ਨੂੰ ਸਿਜਦਾ ਕੀਤਾ ਗਿਆ। ਸਰ ਮਾਰਸ਼ਲ ਸਕੂਲ ਐਜੂਕੇਸ਼ਨ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਤੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਦੀ ਅਗਵਾਈ ਵਿੱਚ ਹੋਏ ਸਮਾਗਮ ਦੌਰਾਨ ਸਕੂਲ ਦੀ ਅਸੈਂਬਲੀ ਸਜਾਈ ਗਈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਅਤੇ ਸਕੂਲ ਸਟਾਫ ਨੇ ਬੱਚਿਆਂ ਨੂੰ ਲਾਸਾਨੀ ਸ਼ਹਾਦਤਾਂ ਅਤੇ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਲਾਸਾਨੀ ਸ਼ਹਾਦਤਾਂ ਨੂੰ ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਕੁਨਿਕਾ, ਪਿੰਸੀ, ਟੀਨਾ,ਪ੍ਰਿਯੰਕਾ, ਨਵਨੀਤ ਕੌਰ, ਅਮਨਪ੍ਰੀਤ ਕੌਰ, ਜਸਮੀਨ ਕੌਰ, ਸੁਖਵਿੰਦਰ ਪਾਲ ਸਿੰਘ, ਜਸਵਿੰਦਰ ਸਿੰਘ, ਗਗਨ, ਭਾਵਨਾ, ਪ੍ਰਭਜੋਤ, ਬਲਦੇਵ ਸਿੰਘ, ਸੁਮਨ, ਸੰਦੀਪ, ਅਲੀਸਾ ਵੀ ਹਾਜ਼ਰ ਸਨ।

ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਦੇਸ਼ ਵਾਸੀਆਂ ਦੀ ਭਾਗੀਦਾਰੀ ਜ਼ਰੂਰੀ : ਸੋਮ ਪ੍ਰਕਾਸ਼

ਫਗਵਾੜਾ (ਇੰਦਰਜੀਤ ਸਿੰਘ ਮਠਾੜੂ) -ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਵੱਖ ਵੱਖ ਲੋਕ ਭਲਾਈ ਯੋਜਨਾਵਾਂ ਰਾਹੀਂ ਦੇਸ਼ ਦੇ ਹਰ ਨਾਗਰਿਕ ਨੂੰ ਸਸ਼ਕਤ ਬਣਾਉਣ ਦੀਆਂ ਨੀਤੀਆਂ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾ ਰਹੀਆਂ ਹਨ। ਇਹ ਪ੍ਰਗਟਾਵਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਅੱਜ ਇਥੇ ਪਿੰਡ ਨਰੂੜ ਵਿਖੇ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਅੱਜ ਜੋ ਵਿਕਸਤ ਭਾਰਤ ਦਾ ਸੰਕਲਪ ਲਿਆ ਹੈ ਉਸ ਤਹਿਤ ਅਸੀ ਭਾਰਤ ਨੂੰ 2047 ਤੱਕ ਵਿਕਸਤ ਅਤੇ ਦੁਨੀਆ ਦਾ ਮੋਢੀ ਰਾਸ਼ਟਰ ਬਣਾਉਣਾ ਹੈ ਤੇ ਜਿਹੜੇ ਲੋਕ ਭਾਰਤ ਸਰਕਾਰ ਦੀਆਂ ਸਕੀਮਾਂ ਤੋਂ ਵਾਂਝੇ ਰਹਿ ਗਏ ਹਨ ਉਹ ਇਸ ਯਾਤਰਾ ਰਾਹੀਂ ਯੋਜਨਾਵਾਂ ਦਾ ਲਾਭ ਲੈ ਸਕਦੇ ਹਨ । ਪਿੰਡ ਨਰੂੜ 'ਚ ਵਿਕਸਤ ਭਾਰਤ ਸੰਕਲਪ ਯਾਤਰਾ ਵਾਲੀ ਥਾਂ 'ਤੇ ਮੰਤਰੀ ਨੇ ਕੌਮੀ ਪੇਂਡੂ ਆਜੀਵਿਕਾ ਮਿਸ਼ਨ, ਉੱਜਵਲਾ ਯੋਜਨਾ, ਮੁਦਰਾ ਯੋਜਨਾ ਅਤੇ ਸੈਲਫ ਹੈਲਪ ਗਰੁੱਪਾਂ ਦੇ ਵੱਖ-ਵੱਖ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਕੇਂਦਰ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਬਾਰੇ ਵੱਧ ਤੋਂ ਵੱਧ ਲਾਭ ਲੈਣ ਤੇ ਹੋਰਨਾਂ ਨੂੰ ਵੀ ਇਨ੍ਹਾਂ ਬਾਰੇ ਜਾਗਰੂਕ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਦੇਸ਼ ਵਾਸੀਆਂ ਦੀ ਸਮੂਹਿਕ ਭਾਗੀਦਾਰੀ ਜ਼ਰੂਰੀ ਹੈ। ਇਸ ਮੌਕੇ ਉੱਜਵਲਾ ਸਕੀਮ ਦੇ ਲਾਭਪਾਤਰੀਆਂ ਨੂੰ ਮੌਕੇ 'ਤੇ ਹੀ ਗੈਸ ਕੁਨੈਕਸ਼ਨ ਵੀ ਦਿੱਤੇ ਗਏ। ਉਨ੍ਹਾਂ ਕਿਸਾਨਾਂ ਨੂੰ ਡਰੋਨ ਨਾਲ ਛਿੜਕਾਅ ਕਰਨ ਲਈ ਕਿਹਾ ਤਾਂ ਜੋ ਕਿਸਾਨ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ ਰਾਹੀਂ ਆਪਣੇ ਖੇਤਾਂ 'ਚ ਛਿੜਕਾਅ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਸਕੀਮ ਮਹਿਲਾ ਸਵੈ-ਸਹਾਇਤਾ ਗਰੁੱਪਾਂ ਰਾਹੀਂ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਵੀ ਹੈ ਜਿਸ ਸਕੀਮ ਨੂੰ ਡਰੋਨ ਦੀਦੀ ਦਾ ਨਾਮ ਦਿੱਤਾ ਗਿਆ ਹੈ। ਇਸ ਮੌਕੇ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ ਯੋਜਨਾਵਾਂ ਦਾ ਲਾਭ ਦੇਣ ਲਈ ਬੂਥ ਲਗਾਏ ਗਏ।

ਸੁਦਾਨਾ ਵਿਖੇ ਲੜਕੀ ਦਾ ਬੇਹਰਮੀ ਨਾਲ ਕਤਲ, ਮੁਲਜ਼ਮ ਗ੍ਰਿਫ਼ਤਾਰ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਨਜਦੀਕੀ ਪਿੰਡ ਸੁਦਾਨਾ ਵਿਖੇ ਲੜਕੀ ਦਾ ਬੇਹਰਮੀ ਨਾਲ ਕਤਲ ਕਰ ਦਿੱਤਾ ਗਿਆ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਵਿਜੇ ਕੰਵਰਪਾਲ ਪੀ. ਪੀ. ਐਸ ਉਪ ਪੁਲਸ ਕਪਤਾਨ, ਸਬ-ਡਿਵੀਜ਼ਨ ਆਦਮਪੁਰ ਨੇ ਦੱਸਿਆ ਕਿ ਸੀਤਾ ਦੇਵੀ ਪਤਨੀ ਪਰਮਜੀਤ ਲਾਲ ਵਾਸੀ ਸੁਦਾਨਾ, ਥਾਣਾ ਭੋਗਪੁਰ, ਜ਼ਿਲ੍ਹਾ ਜਲੰਧਰ ਨੇ ਬਿਆਨ ਲਿਖਾਇਆ ਕਿ ਯਸ਼ ਪੁੱਤਰ ਪਰਵਿੰਦਰ ਜੀਤ ਸਿੰਘ ਵਾਸੀ ਰਾਮਗੜ੍ਹੀਆ ਮੁਹੱਲਾ, ਹਾਲ ਵਾਸੀ ਕੇਅਰ ਆਫ ਨਾਨਾ ਧੰਨਾ ਰਾਮ ਪਿੰਡ ਰਾਊਵਾਲੀ ਥਾਣਾ ਮਕਸੂਦਾਂ ਜ਼ਿਲ੍ਹਾ ਜਲੰਧਰ, ਉਸ ਦੀ ਲੜਕੀ ਸਲੋਨੀ ਨਾਲ ਫਰੈਂਡਸ਼ਿਪ ਕਰਨਾ ਚਾਹੁੰਦਾ ਸੀ। ਪਰ ਉਸ ਦੀ ਲੜਕੀ ਯਸ਼ ਨੂੰ ਮਨ੍ਹਾ ਕਰਦੀ ਸੀ। 28 ਦਸੰਬਰ ਨੂੰ ਸ਼ਾਮ 3 ਵਜੇ ਲੜਕੀ ਸਲੋਨੀ ਨੂੰ ਯਸ਼ ਨੇ ਦੁਕਾਨ ਤੋਂ ਸਮਾਨ ਲੈਣ ਜਾਂਦੀ ਨੂੰ ਰੋਕ ਕੇ ਆਪਣੇ ਨਾਲ ਗੁਰਦੁਆਰਾ ਸ਼ਹੀਦਾਂ ਵਿਖੇ ਪਿੰਡ ਦੇ ਬਾਹਰ ਖੇਤਾਂ ਵਿੱਚ ਲੈ ਗਿਆ ਜਿੱਥੇ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਬਲਜੀਤ ਸਿੰਘ ਹੁੰਦਲ ਥਾਣਾ ਮੁਖੀ ਭੋਗਪੁਰ ਵੱਲੋਂ ਮੁਕੱਦਮਾ ਨੰਬਰ 155 ਮਿਤੀ 28 /12 / 23 ਅ/ਧ 302 ਭ: ਦ ਥਾਣਾ ਭੋਗਪੁਰ ਦਰਜ ਕਰਕੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਕੇ ਤਫਤੀਸ਼ ਕੀਤੀ ਅਤੇ 8 ਘੰਟਿਆਂ ਵਿੱਚ ਹੀ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ। ਜਿਸ ਕੋਲੋਂ ਕਤਲ ਸਮੇਂ ਵਰਤਿਆ ਦਾਤਰ ਅਤੇ ਉਸਦੀ ਕਿੱਟ ਬੈਗ ਅਤੇ ਖੂਨ ਨਾਲ ਲਿਬੜੀ ਹੋਈ ਉਸ ਦੀ ਜੈਕਟ ਬਰਾਮਦ ਕੀਤੀ ਗਈ।

ਪੰਜਾਬ 'ਚ ਸਭ ਤੋਂ ਵੱਧ ਧੱਕਾ ਜਲ ਸਪਲਾਈ ਦੇ ਫੀਲਡ ਕਾਮਿਆਂ ਨਾਲ ਹੋ ਰਿਹੈ : ਸੰਜੀਵ ਕੌਂਡਲ

ਕਾਲਾ ਸੰਘਿਆਂ (ਮਨਜੀਤ ਮਾਨ)-ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ ਯੂਨੀਅਨ ਜਲੰਧਰ ਦੇ ਪ੍ਰਧਾਨ ਸੰਜੀਵ ਕੌਂਡਲ ਨੇ ਪ੍ਰੈੱਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਫੀਲਡ ਕਾਮੇ ਬਿਨਾਂ ਕਿਸੇ ਛੁੱਟੀ ਦੇ ਲਗਾਤਾਰ ਡਿਊਟੀ ਕਰਦੇ ਹਨ ਇਨ੍ਹਾਂ ਕਾਮਿਆਂ ਨੂੰ ਕੋਈ ਵੀ ਹਫਤਾਵਾਰੀ ਛੁੱਟੀ ਜਾਂ ਤਿਉਹਾਰੀ ਛੁੱਟੀ ਨਹੀਂ ਮਿਲਦੀ। ਇਸ ਸਬੰਧੀ ਪੰਜਾਬ ਦੇ ਸਾਰੇ ਉਪ ਮੰਡਲ ਇੰਜੀਨੀਅਰ ਵਲੋਂ ਲਿਖਤੀ ਰੂਪ ਵਿੱਚ ਮਹਿਕਮੇ ਦੇ ਮੁਖੀ ਨੂੰ ਵੀ ਭੇਜਿਆ ਹੈ ਪਰ ਪੰਜਾਬ ਸਰਕਾਰ ਵਲੋਂ ਕੋਈ ਵੀ ਸਹੂਲਤ ਨਹੀਂ ਦਿੱਤੀ ਜਾ ਰਹੀ ! ਇਹ ਫੀਲਡ ਕਾਮੇ ਜਿਸ ਪੋਸਟ 'ਤੇ ਭਰਤੀ ਹੁੰਦੇ ਹਨ ਸਾਰੀ ਜ਼ਿੰਦਗੀ ਦੀ ਨੌਕਰੀ ਤੋਂ ਬਾਅਦ ਵੀ ਉਸ ਪੋਸਟ 'ਤੇ ਹੀ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਮੁਲਾਜਮਾਂ ਨੂੰ ਬਾਕੀ ਪੋਸਟਾਂ ਜਿਸ ਤਰ੍ਹਾਂ ਕਲਰਕ ,ਜੂਨੀਅਰ ਇੰਜੀਨੀਅਰ, ਉਪ ਮੰਡਲ ਇੰਜੀਨੀਅਰ ਦੀ ਤਰ੍ਹਾਂ ਕੋਈ ਵੀ ਟਾਈਮ ਸਕੇਲ ਨਾਲ ਤਰੱਕੀ ਨਹੀਂ ਮਿਲਦੀ ਜਿਸ ਨਾਲ ਇੰਨਾ ਫੀਲਡ ਮੁਲਾਜਮਾਂ ਨਾਲ ਬਹੁਤ ਜਿਆਦਾ ਵਿਤਕਰਾ ਹੋ ਰਿਹਾ ਹੈ! ਕੌਂਡਲ ਨੇ ਦੱਸਿਆ ਕਿ ਕਈ ਦਫਤਰਾਂ ਵਿੱਚ ਤਾਂ ਇੰਨਲਿਸਟਮੈਂਟ ਵਾਲੇ ਕਾਮਿਆਂ ਜਾਂ ਰੈਗੂਲਰ ਦਰਜਾ ਚਾਰ ਮੁਲਾਜਮਾਂ ਦਾ ਬਹੁਤ ਜਿਆਦਾ ਸੋਸ਼ਣ ਹੋ ਰਿਹਾ ਹੈ। ਇਨ੍ਹਾਂ ਮੁਲਾਜਮਾਂ ਨੂੰ ਜਬਰਦਸਤੀ ਆਪਣੀ ਬਣਦੀ ਡਿਊਟੀ ਤੋਂ ਇਲਾਵਾ ਦਫਤਰਾਂ ਵਿੱਚ ਸਫਾਈ ਲਈ ਮਜਬੂਰ ਕੀਤਾ ਜਾਂਦਾ ਹੈ ਜੇਕਰ ਕੰਮ ਕਰਨ ਤੋਂ ਮਨ੍ਹਾ ਕੀਤਾ ਜਾਂਦਾ ਹੈ ਤਾਂ ਫੇਰ ਐਸ ਡੀ ਓ ਵਲੋਂ ਇੰਨਲਿਸਟਮੈਂਟ ਰੱਦ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ। ਇਕ ਮੁਲਾਜਮ ਕੋਲੋਂ ਤਿੰਨ ਮੁਲਾਜਮਾਂ ਦਾ ਕੰਮ ਲਿਆ ਜਾ ਰਿਹਾ ਹੈ। ਇਨ੍ਹਾਂ ਮੁਲਾਜਮਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੈ! ਕੌਂਡਲ ਨੇ ਦੱਸਿਆ ਕਿ ਸਾਰੇ ਮਹਿਕਮਿਆਂ ਵਿਚ ਨੌਕਰੀ ਦੌਰਾਨ ਅਪਨੀ ਪੜ੍ਹਾਈ ਵਿੱਚ ਵਾਧਾ ਕਰਕੇ ਮੁਲਾਜਮਾਂ ਨੂੰ ਤਰੱਕੀਆਂ ਦਿੱਤੀਆਂ ਜਾਂਦੀਆਂ ਹਨ ਪਰ ਬਦਕਿਸਮਤੀ ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਫੀਲਡ ਕਾਮਿਆਂ ਦੀ ਹੈ ਜਿੰਨਾ ਮੁਲਾਜਮਾਂ ਨੇ ਮਹਿਕਮੇ ਤੋਂ ਮਨਜੂਰੀ ਲੈ ਕੇ ਪੜ੍ਹਾਈ ਵਿੱਚ ਵਾਧਾ ਕੀਤਾ ਗਿਆ, ਲੱਖਾਂ ਰੁਪਈਆ ਵੀ ਖਰਚ ਕੀਤਾ ਗਿਆ ਤੇ ਡਿਪਲੋਮਾ ਵੀ ਹਾਸਿਲ ਕੀਤਾ ਗਿਆ। ਪੜ੍ਹਾਈ ਦੌਰਾਨ ਡਿਊਟੀ ਵੀ ਇਮਾਨਦਾਰੀ ਨਾਲ ਨਿਭਾਈ। ਫੇਰ ਵੀ ਮਹਿਕਮੇ ਵਲੋਂ ਇਨ੍ਹਾਂ ਮੁਲਾਜਮਾਂ ਨੂੰ ਤਰੱਕੀ ਨਹੀਂ ਦਿੱਤੀ ਜਾ ਰਹੀ। ਹੁਣ ਪੰਜਾਬ ਸਰਕਾਰ ਵਲੋਂ ਇਕ ਨਵਾਂ ਸ਼ੋਸ਼ਾ ਛੱਡਿਆ ਗਿਆ ਹੈ ਕਿ ਪੰਜਾਬ ਦੀਆਂ ਸਾਰੀਆਂ ਵਾਟਰ ਸਪਲਾਈਆਂ ਨੂੰ 118 ਸੋਸਾਇਟੀਆਂ ਅਧੀਨ ਕਰਨ ਦਾ ਪੱਤਰ ਜਾਰੀ ਕੀਤਾ ਗਿਆ ਹੈ ਜਿਸ ਦਾ ਸਾਡੀ ਜਥੇਬੰਦੀ ਡੱਟ ਕੇ ਵਿਰੋਧ ਕਰਦੀ ਹੈ। ਪੰਜਾਬ ਵਿੱਚ ਸਭ ਤੋਂ ਜਿਆਦਾ ਧੱਕਾ ਵਾਟਰ ਸਪਲਾਈ ਦੇ ਫੀਲਡ ਕਾਮਿਆਂ ਨਾਲ ਹੋ ਰਿਹਾ ਹੈ ਜਿਸ ਦਿਨ ਇਹ ਜਵਾਲਾਮੁਖੀ ਫਟ ਗਿਆ ਉਸ ਦਿਨ ਸਰਕਾਰ ਹਿੱਲ ਜਾਵੇਗੀ।

2 ਸਿਲੰਡਰ ਤੇ 1 ਐੱਲ ਈ ਡੀ ਸਮੇਤ ਕੀਤਾ ਗ੍ਰਿਫਤਾਰ

ਬਿਲਗਾ (ਵਿਜੇ ਕੁਮਾਰ) - ਥਾਣਾ ਬਿਲਗਾ ਦੇ ਮੁੱਖ ਅਫਸਰ ਇੰਸਪੈਕਟਰ ਅਮਨ ਸੈਣੀ ਦੀ ਅਗਵਾਈ ਹੇਠ ਪੁਲਸ ਪਾਰਟੀ ਸਮੇਤ ਏ ਐਸ ਆਈ ਨਛੱਤਰ ਸਿੰਘ ਬੱਸ ਅੱਡਾ ਖੋਖੇਵਾਲ ਤੇ ਨਾਕੇਬੰਦੀ ਕੀਤੀ ਹੋਈ ਸੀ ਤਾਂ ਪਿੰਡ ਭੋਡੇ ਥਾਣਾਂ ਬਿਲਗਾ ਜ਼ਿਲ੍ਹਾ ਜਲੰਧਰ ਦੇ ਵਸਨੀਕ ਸੋਮ ਲਾਲ ਪੁੱਤਰ ਮਹਿੰਗਾ ਰਾਮ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਉਹ ਰਾਤ ਨੂੰ ਅਪਣੇ ਘਰ ਵਿੱਚ ਆਰਾਮ ਕਰ ਰਿਹਾ ਸੀ ਤਾਂ ਅਚਾਨਕ ਖੜਕੇ ਦੀ ਅਵਾਜ ਆਈ ਤਾਂ ਮੈ ਬਾਹਰ ਨਿਕਲ ਕਿ ਦੇਖਿਆ ਕਿ ਉਸਦਾ ਭਤੀਜਾ ਵਿਜੈ ਕੁਮਾਰ ਪੁੱਤਰ ਲੇਟ ਰਾਮ ਪਾਲ ਅਤੇ ਚੰਨਣ ਸਿੰਘ ਉਰਫ ਚੰਨੀ ਪੁੱਤਰ ਸਿੰਗਾਰਾਂ ਸਿੰਘ ਵਾਸੀਅਨ ਭੋਡੇ ਥਾਣਾ ਬਿਲਗਾ ਨੂੰ ਰਸੋਈ ਵਿਚ ਲੱਗੇ ਗੈਸ ਸਿਲੰਡਰ ਨੂੰ ਚੋਰੀ ਕਰਕੇ ਲੈ ਗਏ, ਜਿਨ੍ਹਾਂ ਦੇ ਖਿਲਾਫ ਮੁਕੱਦਮਾ ਨੰਬਰ 130 ਥਾਣਾ ਬਿਲਗਾ ਦਰਜ ਕਰਕੇ ਤਫਤੀਸ਼ ਲਿਆਂਦੀ ਗਈ। ਇਸੇ ਦੌਰਾਨ ਪੁਲਸ ਵਲੋਂ ਕਾਰਵਾਈ ਕਰਦਿਆਂ ਦੋਸ਼ੀ ਵਿਜੈ ਕੁਮਾਰ ਪੁੱਤਰ ਲੇਟ ਰਾਮ ਪਾਲ ਪਿੰਡ ਭੋਡੇ ਨੂੰ ਸਮੇਤ ਚੋਰੀ ਸ਼ੁਦਾ 2 ਸਿਲੰਡਰ ਅਤੇ ਟੀ ਵੀ ਐਲ ਈ ਡੀ ਗ੍ਰਿਫਤਾਰ ਕੀਤਾ ਗਿਆ ਤੇ ਅਦਾਲਤ ਵਿੱਚ ਪੇਸ਼ ਕਰਕੇ 2 ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ।

ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅੱਜ

ਫਗਵਾੜਾ (ਜਸਵਿੰਦਰ ਢੱਡਾ)- ਠਾਕੁਰ ਦੁਆਰਾ ਵੈਗਰੀਆ ਸ੍ਰੀ ਹਨੂੰਮਾਨ ਮੰਦਰ ਫਗਵਾੜਾ ਦੇ ਸੇਵਕ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਰਿਟਾਇਰ ਮੈਨੇਜਰ ਅਵਤਾਰ ਸਿੰਘ ਕੈਂਥ ਦੀ ਧਰਮਪਤਨੀ ਬੀਬੀ ਹਰਵਿੰਦਰ ਕੌਰ ਦਾ 26 ਦਸੰਬਰ ਨੂੰ ਸਵਰਗਵਾਸ ਹੋ ਗਿਆ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ 31 ਦਸੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪੁਰਾਣੀ ਸਬਜ਼ੀ ਮੰਡੀ, ਬੰਗਾ ਰੋਡ ਫਗਵਾੜਾ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।

ਵੰਦੇ ਭਾਰਤ ਰੇਲ ਗੱਡੀ ਦਾ ਸੋਮ ਪ੍ਰਕਾਸ਼ ਨੇ ਕੀਤਾ ਸਵਾਗਤ

ਫਿਲੌਰ (ਨਿਰਮਲ)- ਸ਼ਨੀਵਾਰ ਨੂੰ ਅੰਮ੍ਰਿਤਸਰ ਤੋਂ ਦਿੱਲੀ ਜਾਣ ਵਾਲੀ ਵੰਦੇ ਭਾਰਤ ਰੇਲ ਗੱਡੀ ਰੇਲਵੇ ਸਟੇਸ਼ਨ ਫਿਲੌਰ ਵਿਖੇ ਤਿੰਨ ਮਿੰਟ ਲਈ ਰੁਕੀ। ਰੇਲਵੇ ਸਟੇਸ਼ਨ 'ਤੇ ਪਹੁੰਚੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਵੰਦੇ ਭਾਰਤ ਰੇਲ ਗੱਡੀ ਦਾ ਸਵਾਗਤ ਕੀਤਾ ਅਤੇ ਪੰਜਾਬ ਵਾਸੀਆਂ ਨੂੰ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਕੇਂਦਰ ਦੀ ਬੀਜੇਪੀ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਾਸੀਆਂ ਦੀ ਮੰਗ ਨੂੰ ਪੂਰਾ ਕਰ ਦਿੱਤਾ ਹੈ। ਆਉਣ ਵਾਲੇ ਸਮੇਂ ਵਿੱਚ ਹੋਰ ਵੀ ਮੰਗਾਂ ਨੂੰ ਨੇਪਰੇ ਚਾੜ੍ਹ ਦਿੱਤਾ ਜਾਵੇਗਾ। ਸਵਾਗਤ ਉਪਰੰਤ ਉਹ ਇਸੇ ਰੇਲ ਗੱਡੀ ਵਿੱਚ ਬੈਠ ਕੇ ਦਿੱਲੀ ਨੂੰ ਰਵਾਨਾ ਹੋ ਗਏ।

ਪੰਜਾਬ ਦੇ ਕਿਸੇ ਵੀ ਕਰਮਚਾਰੀ ਨੂੰ ਪੁਰਾਣੀ ਪੈਨਸ਼ਨ ਨਸੀਬ ਨਹੀਂ ਹੋਈ : ਵਾਲੀਆ

ਜਲੰਧਰ (ਰਾਜੇਸ਼ ਥਾਪਾ) 'ਅੱਜ ਇੱਕ ਆਮ ਆਦਮੀ, ਆਮ ਆਦਮੀ ਨੂੰ ਮਿਲਣ ਤੋਂ ਕੰਨੀਂ ਕਤਰਾ ਰਿਹਾ, ਮੀਟਿੰਗਾਂ ਰੱਦ ਕਰ-ਕਰ ਕੇ ਆਪਣਾ ਵਕਤ ਲੰਘਾ ਰਿਹਾ' ਉਕਤ ਗੱਲਾਂ ਦਾ ਪ੍ਰਗਟਾਵਾ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ ਅਤੇ ਦਿਲਬਾਗ ਸਿੰਘ ਨੇ ਕੀਤਾ। ਉਹਨਾਂ ਦੱਸਿਆ ਕਿ ਪਿਛਲੇ ਸਮੇਂ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਮੁਲਾਜਮਾਂ ਨਾਲ ਝੂਠੇ ਵਾਅਦੇ ਕਰਕੇ ਪੰਜਾਬ ਦੀ ਸੱਤਾ 'ਤੇ ਕਬਜ਼ਾ ਕੀਤਾ। ਇਹਨਾਂ ਵਿੱਚੋਂ ਇੱਕ ਪ੍ਰਮੁੱਖ ਵਾਅਦਾ ਪੁਰਾਣੀ ਪੈਨਸ਼ਨ ਦੀ ਬਹਾਲੀ ਸੀ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਸੱਤਾ ਦੇ ਨਸ਼ੇ ਵਿੱਚ ਆਪਣੇ ਸਾਰੇ ਕੀਤੇ ਹੋਏ ਵਾਅਦੇ ਭੁੱਲ ਚੁੱਕੀ ਹੈ। ਪਿਛਲੇ ਸਾਲ ਹਿਮਾਚਲ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਮੁੱਖ ਮੰਤਰੀ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਇੱਕ ਪੱਤਰ ਵੀ ਜਾਰੀ ਕੀਤਾ ਸੀ, ਜਿਸਦਾ ਚੋਣਾਂ ਵਿੱਚ ਲਾਹਾ ਲੈਣ ਲਈ ਦੂਜੇ ਰਾਜਾਂ ਵਿਚ ਜਾ ਕੇ ਇਸ ਗੱਲ ਦਾ ਪ੍ਰਚਾਰ ਵੀ ਕੀਤਾ ਸੀ ਕਿ ਅਸੀਂ ਪੰਜਾਬ ਵਿੱਚ ਪੁਰਾਣੀ ਪ

ਬਾਘਾ ਪੁਰਾਣਾ ਵਿਸ਼ੇਸ ਸਪਲੀਮੈਂਟ

ਮਨੀ ਸਿੰਗਲਾ
ਪ੍ਰੈਸ ਰਿਪੋਰਟਰ
M. 73551-50910

ਸਮੂਹ ਹਲਕਾ ਬਾਘਾ ਪੁਰਾਣਾ ਨਿਵਾਸੀਆਂ ਨੂੰ ਨਵੇਂ ਸਾਲ ਦੇ ਆਗਮਨ ਦੀਆਂ ਲੱਖ-ਲੱਖ ਵਧਾਈਆਂ !
ਮਨੀ ਸਿੰਗਲਾ ਪੱਤਰਕਾਰ ਨਵਾਂ ਜਮਾਨਾ ਅਤੇ ਸਮੂਹ ਸਟਾਫ ਆਪ ਜੀ ਦੀ ਚੰਗੀ ਸਿਹਤ ਲਈ ਕਾਮਨਾ ਕਰਦਾ ਹੈ ।

ਨਵਾਂ ਜਮਾਨਾ ਦੇ ਪੱਤਰਕਾਰ ਮਨੀ ਸਿੰਗਲਾਂ ਨੂੰ ਨਵੇਂ ਸਾਲ ਤੇ ਬਾਘਾ ਪੁਰਾਣਾ ਵਿਸ਼ੇਸ਼ ਸਪਲੀਮੇਂਟ ਕੱਢਣ ਤੇ ਲੱਖ-ਲੱਖ ਵਧਾਈਆਂ

ਵਿਵੇਕਸ਼ੀਲ ਸੋਨੀ ਐਸ.ਐਸ.ਪੀ | ਗੁਲਨੀਤ ਸਿੰਘ ਖੁਰਾਣਾ ਐਸ.ਐਸ.ਪੀ | ਕੁਲਵੰਤ ਸਿੰਘ ਡਿਪਟੀ ਕਮਿਸ਼ਨਰ | ਸੰਦੀਪ ਹੰਸ ਡਿਪਟੀ ਕਮਿਸ਼ਨਰ | ਹਰੀਸ਼ ਨਾਇਰ ਡਿਪਟੀ ਕਮਿਸ਼ਨਰ | ਰਤਨ ਬਰਾੜ ਏ.ਆਈ.ਜੀ | ਜਸਜੋਤ ਸਿੰਘ ਡੀ.ਐਸ.ਪੀ | ਜਸਬਿੰਦਰ ਖਹਿਰਾ ਡੀ.ਐਸ.ਪੀ

ਦਵਿੰਦਰ ਬਾਂਸਲ ਬੱਲੂ | ਰਮਨ ਅਰੋੜਾ | ਵਿਜੈ ਮਿੱਤਲ | ਲੱਕੀ ਕੁਕਰੇਜ਼ਾ | ਰਵਿੰਦਰ ਸਿੰਘ | ਤੀਰਥ ਰਾਮ ਬਾਂਸਲ | ਮਨੀ ਗਰਗ | ਸ਼ਾਮ ਬਾਂਸਲ | ਯੋਗੇਸ਼ ਜਿੰਦਲ ਜੁਗਨੂੰ



ਰਾਕੇਸ਼ ਗਰਗ | ਰਾਜੇਸ਼ ਰਾਜਾ | ਮਨੋਜ ਗੋਇਲ | ਯੋਗੇਸ਼ ਬਾਂਸਲ ਯੋਗੀ | ਸੁਰਿੰਦਰ ਗਰਗ | ਰਾਜੀਵ ਮਿੱਤਲ | ਐਡਵੋਕੇਟ ਅਮਿਤ ਗੋਇਲ | ਰਾਮ ਤੀਰਥ LIC | ਹੇਮ ਰਾਜ ਫਰੰਡ

ਗੁਰਪ੍ਰੀਤ ਸਿੰਘ ਗੋਰਾ | ਆਸ਼ੂਤੋਸ਼ ਭੰਡਾਰੀ ਆਸ਼ੂ | ਮਦਨ ਗੋਪਾਲ ਗਰਗ | ਰੋਹਿਤ ਗਰਗ ਕਾਕਾ | ਸੰਜੂ ਮਿੱਤਲ | ਰਾਜਨ ਗਰਗ | ਮਿਲਨ ਗਰਗ | ਸੁਕੇਸ਼ ਕੁਮਾਰ ਸ਼ਿੰਕਾ | ਜਗਸੀਰ ਗਰਗ ਕੌਂਸਲਰ

ਜਗਸੀਰ ਸਿੰਘ ਕਾਲੇਕੇ | ਸਰਪੰਚ ਗਗਨ ਨਿਗਾਹਾ | ਸੁੱਖਾ ਲੰਗੇਆਣਾ | ਸੀਪਾ ਰਾਜਿਆਣਾ | ਹਰਦੀਸ਼ ਸਿੰਘ ਸੇਖਾ | ਸ਼ਸ਼ੀ ਗਰਗ ਕੌਂਸਲਰ

ਟੀਟੂ ਬਰਾੜ | ਧਰਮਿੰਦਰ ਰਖਰਾ | ਸੀਰਾ ਬਰਾੜ | ਗਗਨ ਚੌਂਡਾ | ਰਾਜ ਕਟਾਰੀਆ | ਸੂਬੇਦਾਰ ਬਲਦੇਵ ਸਿੰਘ

ਪਵਨ ਢੰਡ | ਬਲਤੇਜ ਸਿੰਘ ਲੰਗੇਆਣਾ | ਰਾਕੇਸ਼ ਤੋਤਾ | ਤਰਲੋਚਨ ਸਿੰਘ ਕਾਲੇਕੇ | ਜਗਸੀਰ ਸਿੱਧੂ ਸੀਰੂ | ਬਲਵੀਰ ਭੰਗੂ

ਜਸਵਰਿੰਦਰ ਸਿੰਘ ਥਾਨਾ ਮੁਖੀ | ਕਿੱਕਰ ਸਿੰਘ ਐਸ.ਐਚ.ਓ. | ਤਰਸੇਮ ਸਿੰਘ ਐਸ.ਆਈ

ਅਸੀ ਸਮੂਹ ਦੇਸ਼ ਵਾਸੀਆਂ ਦੀ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ

ਨਵੇਂ ਸਾਲ, ਲੋਹੜੀ, ਅਤੇ ਮਾਘੀ ਦੀਆਂ
ਸਮੂਹ ਹਲਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਬਿੱਟੂ ਮਿੱਤਲ ਸਾਬਕਾ ਕੌਂਸਲਰ
ਅਨੂ ਮਿੱਤਲ ਪ੍ਰਧਾਨ ਨਗਰ ਕੌਂਸਲ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ, ਲੋਹੜੀ, ਅਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ
ਸ਼੍ਰੋਮਣੀ ਅਕਾਲੀ ਦਲ
ਰਾਜ ਨਹੀਂ ਸੇਵਾ
ਚਰਨਪ੍ਰੀਤ ਸਿੰਘ
ਸਾਬਕਾ ਕੌਂਸਲਰ
ਸੋਵਾਦਾਰ ਵਾਰਡ ਨੰ: 4
ਚਰਨਪ੍ਰੀਤ ਸਿੰਘ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ, ਲੋਹੜੀ, ਅਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ
ਹਰਜੀਤ ਸਿੰਘ ਬਰਾੜ (ਪ੍ਰਧਾਨ) ਬਾਰ ਐਸੋਸੀਏਸ਼ਨ, ਬਾਘਾ ਪੁਰਾਣਾ | ਅਮਨਪ੍ਰੀਤ ਸਿੰਘ ਗਰੇਵਾਲ ਵਾਈਸ ਪ੍ਰਧਾਨ | ਵਿਨੋਦ ਜਿੰਦਲ ਸੈਕਟਰੀ ਜਨਰਲ | ਰਾਮੂ ਕੁਮਾਰ ਜੁਆਇੰਟ ਸੈਕਟਰੀ | ਰਵਿੰਦਰਕਮਲ ਗਿੱਲ ਫਾਇਨਾਂਸ ਸੈਕਟਰੀ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ, ਲੋਹੜੀ, ਅਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ
ਜੱਥੇਦਾਰ ਤੀਰਥ ਸਿੰਘ ਮਾਹਲਾ | ਲਖਵੀਰ ਸਿੰਘ ਕੈਨੇਡਾ | ਹਰਜੋਤ ਸਿੰਘ ਡੋਮਰੂ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ, ਲੋਹੜੀ, ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਵਿਜੈ ਸ਼ਰਮਾਂ | ਅਸ਼ਵਨੀ ਸ਼ਰਮਾਂ | ਰੋਸ਼ਨ ਲਾਲ ਰੋਸ਼ੀ | ਦੀਪਕ ਗਰਗ | ਮਨੋਜ ਗੋਇਲ | ਅਮਨ ਤਨੇਜਾ

77172-00092 | 77172-00093
MIWAY
IELTS & IMMIGRATION
IELTS | PTE | STUDY VISA | OPEN WORK PERMIT
Kotkapura Road, Near Govt. Boy School
Bagha Purana - 142038

Kataria
KATARIA FOREX
MONEY EXCHANGE
AIR TICKET
STUDENT FEE
HOLIDAYS PACKAGES
RAILWAY TICKET
GIC
TRAVEL INSURANCE
BOOK NOW
LOW PRICE AIR TICKET
9592470055
Kataria Forex Kotkapura Road Baghapurana

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
GANGA RESORTS
For bookings contact :
KOTKAPURA-MOGA ROAD, OPP. BEAS SATSANG BHAWAN
BAGHA PURANA
+91 98757-70013, +91 98757-90013, +91 99141-11103

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ONE KING ਵੰਨ ਕਿੰਗ RESORT
ਕੈਟਰਿੰਗ
AC ਹਾਲ
ਡੈਕੋਰੇਸ਼ਨ
ਮੈਰਿਜ਼ ਪੈਲੇਸ • ਖੁੱਲੀ ਪਾਰਕਿੰਗ
ਪਤਾ: ਮੁੱਦਕੀ ਰੋਡ, ਪਿੰਡ ਨੱਥੂਵਾਲਾ ਗਰਬੀ (ਬਾਘਾ ਪੁਰਾਣਾ)
M. 98553-10095, 98142-48695
ਏ-ਵਨ ਪ੍ਰਾਪਰਟੀ ਐਡਵਾਈਜ਼ਰ
ਇੱਥੇ ਹਰ ਕਿਸਮ ਦੀ ਜਾਇਦਾਦ, ਪਲਾਟ, ਮਕਾਨ, ਦੁਕਾਨ, ਕੋਠੀਆਂ ਆਦਿ ਵੇਚਣ ਤੇ ਖ਼ੀਦਣ ਲਈ ਸੰਪਰਕ ਕਰੋ ।
Mob. 98553-10095, 98142-48695
ਮਦਾਰੀ ਮਾਰਕੀਟ, ਬਾਘਾ ਪੁਰਾਣਾ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਾਮਤਮਾ ਹਰ ਉਪਰ ਆਪਣਾ ਮੇਹਰ ਭਰਿਆ ਹੱਥ ਰੱਖੇ ਅਤੇ ਸਮੁੱਚੀ ਦੁਨੀਆਂ ਤੰਦਰੁਸਤ ਅਤੇ ਖੁਸ਼ਹਾਲ ਜਿੰਦਗੀ ਬਤੀਤ ਕਰੇ
ਬਾਲ ਕ੍ਰਿਸ਼ਨ ਬਾਲੀ ਪ੍ਰਧਾਨ ਬਾਸਮਤੀ ਐਸੋ. ਪੰਜਾਬ | ਮੁਨੀਸ਼ ਗਰਗ ਟੀਨੀ ਪ੍ਰਧਾਨ | ਬਲਵਿੰਦਰ ਗਰਗ ਕੈਸ਼ੀਅਰ
ਵਿਜੈ ਸ਼ਰਮਾਂ ਮੈਂਬਰ | ਰਾਜੀਵ ਮਿੱਤਲ ਮੈਂਬਰ | ਬਲਤੇਜ ਸਿੰਘ ਬਰਾੜ ਮੈਂਬਰ
ਵੱਲੋਂ: ਪੰਜਾਬ ਰਾਇਸ ਇੰਡ, ਬਾਘਾ ਪੁਰਾਣਾ (ਮੋਗਾ)

ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਾਮਤਮਾ ਹਰ ਉਪਰ ਆਪਣਾ ਮੇਹਰ ਭਰਿਆ ਹੱਥ ਰੱਖੇ ਅਤੇ ਸਮੁੱਚੀ ਦੁਨੀਆਂ ਤੰਦਰੁਸਤ ਅਤੇ ਖੁਸ਼ਹਾਲ ਜਿੰਦਗੀ ਬਤੀਤ ਕਰੇ
ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਪੰਜਾਬੀਆਂ ਨੂੰ
ਲੱਖ-ਲੱਖ ਵਧਾਈਆਂ
2024
ਵੱਲੋਂ : ਆਤੂਤੀਆ ਐਸੋਸੀਏਸ਼ਨ ਬਾਘਾ ਪੁਰਾਣਾ

ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
ਲੱਖ ਲੱਖ ਵਧਾਈਆਂ
ਮੇਰਾ ਵਾਰਡ ਮੇਰਾ ਪਰਿਵਾਰ
ਮੇਵਾਦਾਰ ਵਾਰਡ ਨੰ:9
ਰਣਜੀਤ ਝੀਤੇ

ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਗੁਰਜੰਟ ਸਿੰਘ ਸਦਿਉੜਾ ਜਿਲ੍ਹਾ ਸੀਨੀ. ਮੀਤ, ਪ੍ਰਧਾਨ | ਸ਼੍ਰੋਮਣੀ ਅਕਾਲੀ ਦਲ ਰਾਜ ਨਹੀਂ ਸੇਵਾ | ਅਰਸ਼ਦੀਪ ਸਿੰਘ ਸਦਿਉੜਾ ਪ੍ਰਧਾਨ SOI ਬਾਘਾ ਪੁਰਾਣਾ

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
D.M. Marriage Palace
Mudki Road, Vill. Langiana
Mohindra Palce
Channu Wala By-Pass Road, Bagha Purana
ਵਿਆਹ-ਸ਼ਾਦੀਆਂ ਅਤੇ ਹਰ ਤਰ੍ਹਾਂ ਦੇ ਪ੍ਰੋਗਰਾਮ ਲਈ ਪੈਲੇਸ ਅਤੇ ਕੈਟਰਿੰਗ ਲਈ ਮਿਲੋ
M. 98144-00718, 99147-00718, 97814-00328

ਸਮੂਹ ਹਲਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
EDISON
IMMIGRATION & EDUCATION SERVICES
IELTS - PTE - NANNY - VISA SERVICE
COMPUTER COURSES
DIRECTOR H.S BRAR
CONTACT US : 97695-20000, 95221-00002
OPP. CENTRAL BANK OF INDIA, KKP ROAD, BAGHA PURANA

Punjab Govt. Regd. Lic. No. 040/270
JMS
Harlal Singh Director | Amritpal Kaur M.D.
IELTS & IMMIGRATION
STUDY VISA | OPEN WORK PERMIT | VISITOR VISA
H.O. NEAR BUS STAND, INSIDE NEHRU MANDI
B.O. OPP. GOVT. BOYS SCHOOL, KOTKAPURA ROAD, NEAR BUS STAND
BAGHA PURANA
M. 95800-01313

SHAKTI WALE
ENGLISH STUDIO
STUDY VISA VISITOR VISA IELTS
99% SUCCESS RATE
REFUSAL CASES ACCEPTED
New Year OFFER 100% OFF PROCESSING FEE
english STUDIO
STUDY ABROAD
72628 00002 | KOTKAPURA ROAD BAGHAPURANA

visioneducation20120@gmail.com | M. 99888-20120
VISION
EDUCATION & IMMIGRATION
• PTE
• SPOKEN ENGLISH
• STUDY VISA
• VISITOR VISA
ਵਧੀਆ ਤੇ ਭਰੋਸੇਯੋਗ ਸੰਸਥਾ
Main Bus Stand, Bagha Purana

Punjab Govt. Licence No. 062, 296
Touch Sky
IELTS | PTE
STUDENT VISA | VISITOR VISA
ਕੈਨੇਡਾ ਸਟੱਡੀ ਵੀਜ਼ਾ, ਓਪਨ ਵਰਕ ਪਰਮਿਟ ਅਤੇ ਵਿਜ਼ਿਟਰ ਵੀਜ਼ਾ ਲਗਵਾਉਣ ਲਈ ਸੰਪਰਕ ਕਰੋ ।
Opp. Gaushala, Mudki Road BAGHA PURANA
M. 81467-00635
M. 97817-00363

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਲੱਖ-ਲੱਖ ਵਧਾਈਆਂ
M. 90561-00049
96989-00049,98785-25881
The Immigration
LIC. No. 514,515
Professional Partner For Your Overseas Study
Gagandeep | Yogesh
ਸਪੈ: ਕਨੇਡਾ ਰੀਫਿਊਲਜ਼ ਕੇਸ
City Center Market, Kaleke Road, Bagha Purana (Moga)

IELTS
STUDY VISA - VISITOR VISA
CANADA GOVT. REGD INSTITUTE (LIC. NO. 063 & 295)
CHANDIGARH ENGLISH INSTITUTE
KOTKAPURA ROAD, BAGHA PURANA
M. 98723-35895 , 97802-00895

Expert
Immigration & Education Service
Branches
Khanna | Badhni | Moga
ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਲੱਖ-ਲੱਖ ਵਧਾਈਆਂ
Devansh Goyal
+91-98881-21570
Address: Near Shiv Mandir Upstairs Allahabad Bank & Durga Agencies, Moga Road Baghapurana (Pb.)
Ph. 01636-240338
expertimmigration333@gmail.com

Lic. No. 037,038
DREAM BUILDERS
Canada Visitor Visa
100% Success Rate
Call: 97000-02891
Opp. Bus Stand, Bagha Purana

ਆਧਾਰ ਸੁਪਰਮਾਰਕੇਟ
ਕਰਿਆਨਾ * ਪਲਾਸਟਿਕ * ਮੁਨਿਆਰੀ
* ਡਰਾਈ ਫਰੂਟ * ਘਰ ਦਾ ਰਾਸ਼ਨ
ਸ਼੍ਰੀ ਕੁਲਵੰਤ ਰਾਏ ਪੈਟਰੋਲ ਪੰਪ ਵਾਲਿਆਂ ਦਾ
Adhaar Supermarket
Aggarwal Service Station SINCE 1968
MACCAIN FROZEN FOOD & HAVMOUR ICE CREAM AVAILABLE
Contact for Home Delivery 81468-00039
NSW ROAD, BAGHA PURANA

ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ - ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਸ਼੍ਰੀ ਓਮ ਪ੍ਰਕਾਸ਼ ਖੁਰਾਣਾ
ਮੋਗਾ ਰੋਡ, ਬਾਘਾ ਪੁਰਾਣਾ (ਮੋਗਾ) +91 95925-07777

ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
Ganesh JEWELLERS
ਲੱਖ-ਲੱਖ ਵਧਾਈਆਂ
97811-78000,96461-78000
Moga Road, Bagha Purana
A HALLMARK CERTIFIED SHOWROOM
Follow us on :
SBI Approved Valuator Show Room

AUTH. DUMP | M. 98551-72087
Coca-Cola
DURGA CONFECTIONERY
MOGA ROAD, BAGHA PURANA. DISTT. MOGA
AUTH. DISTRIBUTOR
JAI MAA ENTERPRISES
LUDHIANA , M. 98143-72087 , 97813-28887

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ
ਰਕੇਸ਼ ਬਾਂਸਲ M. 99140-40008 | ਵਿਮਲ ਗਰਗ M. 98726-42047
ਅਗਰਵਾਲ ਮਾਰਬਲਜ਼
ਇੱਥੇ ਹੋਲਸੇਲ ਰੇਟਾਂ ਤੇ ਮਾਰਬਲ, ਗਰੇਨਾਇਟ, ਵॉਲ ਤੇ ਫਲੋਰ ਟਾਇਲਾਂ ਮੁੱਹੈਯਾ ਹਨ ।
ਮੋਗਾ ਰੋਡ, ਸਾਹਮਣੇ ਗਿੱਲ ਢਾਬਾ, ਬਾਘਾ ਪੁਰਾਣਾ ।

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਅਮਰਜੀਤ ਸਿੰਘ ਮਾਣੂੰਕੇ
ਸਾਬਕਾ ਚੇਅਰਮੈਨ
ਬਲਾਕ ਸੰਮਤੀ ਬਾਘਾ ਪੁਰਾਣਾ
M. 98143-10921

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ
ਮੈਸ. ਸੁਖਮੰਦਰ ਸਿੰਘ ਸਤਵੰਤ ਸਿੰਘ
ਦੁਕਾਨ ਨੰ: 316, ਨਵੀਂ ਅਨਾਜ ਮੰਡੀ, ਬਾਘਾ ਪੁਰਾਣਾ
ਸਤਵੰਤ ਸਿੰਘ ਬਰਾੜ | ਰਣਜੀਤ ਬਰਾੜ
ਜਗਜੀਤ ਜਨਰਲ ਸਟੋਰ
ਮੇਨ ਜੀ.ਟੀ. ਰੋਡ, ਪਿੰਡ ਲੰਗੇਆਣਾ ਪੁਰਾਣਾ(ਮੋਗਾ)
M. 94640-95134, 98774-79272

ਦੇਸ਼ ਵਿਦੇਸ਼ ਵੱਸ ਰਹੇ ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ
ਪਵਨ ਗੁਪਤਾ | ਪਰਦੀਪ ਗਰਗ | ਰਾਮ ਗੁਪਤਾ
ਲੱਖ-ਲੱਖ ਵਧਾਈਆਂ
ਸ਼੍ਰੀ ਬਾਲਾਜੀ ਸੀਮੇਂਟ ਇੰਡ: ਜੈ ਸਿੰਘ ਵਾਲਾ ਰੋਡ, ਬਾਘਾ ਪੁਰਾਣਾ

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਪੰਜਾਬੀਆਂ ਨੂੰ
ਲੱਖ-ਲੱਖ ਵਧਾਈਆਂ
ਸੰਜੂ ਗਰਗ | ਰਾਮ ਗੁਪਤਾ | ਵਿੱਕੀ ਸ਼ਰਮਾਂ
LUXMI CEMENT IND.
ਘੋਲੀਆ ਕਲਾਂ (ਬਾਘਾ ਪੁਰਾਣਾ) M. 98881-66711, 95693-01234

ਜੈ ਮਾਤਾ ਦੀ | ਜੈ ਬਾਬਾ ਖੇਤਰਪਾਲ ਜੀ
ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਸ਼੍ਰੀ ਰਾਧੇ ਕ੍ਰਿਸ਼ਨ ਟੀਡ ਫੈਕਟਰੀ
ਫੂਲੇਵਾਲਾ ਰੋਡ, ਘੋਲੀਆ ਕਲਾਂ (ਮੋਗਾ) M. 98147-10587

ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਬਾਘਾ ਪੁਰਾਣਾ (ਮੋਗਾ)
ਸਸੀ ਗਰਗ ਚੇਅਰਮੈਨ | ਭੂਸ਼ਨ ਗੋਇਲ ਪ੍ਰਧਾਨ | ਦਵਿੰਦਰ ਬਾਂਸਲ ਸੈਕਟਰੀ | ਯੋਗੇਸ਼ ਬਾਂਸਲ ਕੈਸ਼ੀਅਰ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਪ੍ਰਧਾਨ ਦੀਪਕ ਤਲਵਾੜ ਅਤੇ ਸਮੂਹ ਬੀ.ਜੇ.ਪੀ. ਮੰਡਲ , ਬਾਘਾ ਪੁਰਾਣਾ (ਮੋਗਾ)

ਦੇਸ਼ ਵਿਦੇਸ਼ ਵੱਸ ਰਹੇ ਸਮੂਹ ਪੰਜਾਬੀਆਂ ਨੂੰ ਨਵੇਂ ਸਾਲ , ਲੋਹੜੀ ਤੇ ਮਾਘੀ ਦੀਆਂ
ਪਵਨ ਬਾਂਸਲ | ਨਿਖਿਲ ਬਾਂਸਲ
ਲੱਖ-ਲੱਖ ਵਧਾਈਆਂ
ਸੋਮਾ ਬਿਲਡਰਜ਼, ਬਾਘਾ ਪੁਰਾਣਾ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ. ਲੋਹੜੀ ਅਤੇ ਮਾਘੀ ਦੀਆਂ
Nar Singh Brar Chairman
ਲੱਖ-ਲੱਖ ਵਧਾਈਆਂ
SPRING FIELD CONVENT SCHOOL
AFFILIATED TO C.B.S.E. NEW DELHI
MUDKI ROAD, BAGHA PURANA
OFFICE : 98145-41222, 97815-41222

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ -ਲੱਖ ਵਧਾਈਆਂ
Lawrence International Convent School
Affiliated to CBSE New Delhi (1630780)
Mandiran wala Road, Bagha purana (Moga)
82838-12579

ਨਵੇਂ ਸਾਲ ਅਤੇ ਲੋਹੜੀ - ਮਾਘੀ ਦੀਆਂ
ਲੱਖ-ਲੱਖ ਵਧਾਈਆਂ
PUNJAB CONVENT SEN. SEC. SCHOOL
Email: punjabconvent@gmail.com
81465-69273, 79886-53073
Channu Wala Road, Bagha Purana

For Top Quality Education LIMITED SEATS
ADMISSION OPEN
AGE GROUP
2.5+ PLAY WAY | 4+ L.K.G.
3+ NURSERY | 5+ U.K.G.
PRE NURSERY TO 12TH
* MEDICAL
* NON MEDICAL
* COMMERCE
* ARTS
HARVARD CONVENT SEN. SEC. SCHOOL
AFFILIATED TO CBSE NEW DELHI REGD. No. 1630936
CALL : 98145-34909 98144-45909
MUDKI ROAD, BAGHA PURANA (MOGA)

Affiliated to P.S.E.B. Mohali
JAIN SEN. SEC. SCHOOL
KALEKE ROAD BAGHA PURANA
NO ADMISSION FEES for NURSERY
ਹਰ ਸਾਲ ਬੋਰਡ ਦੇ ਨਤੀਜੇ 100% ਆਉਂਦੇ ਹਨ
JAIN PLAYWAY
VIJAY BANSAL President S.S. Jain Sabha Trust Bagha Purana (Moga)
Principal Ph. 01636-242918 M. 98725-18322

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਹਲਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਵੱਲੋਂ:
PRINCIPAL | DIRECTOR
S. GURDEV SINGH M. 98144-10547
Mr. SANDEEP MEHTA M. 97817-00363
ENGLISH MEDIUM SMART SCHOOL
PLAYWAY TO 10+2
SOF REGISTERED SCHOOL
PUNJAB CO-EDU. SEN. SEC. SCHOOL
MEDICAL | NON-MEDICAL | COMMERCE | ARTS
NIHAL SINGH WALA ROAD BAGHA PURANA.

31-Dec-Sunday.qxd 12/30/2023 8:17 PM Page 1

ਸਾਲਾਨਾ ਸਾਹਿਤਕ ਅੰਕ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-23, (R.N.I.)-00068/57

ਜਲੰਧਰ : ਐਤਵਾਰ, 31 ਦਸੰਬਰ 2023

www.nawanzamana.in

ਕੀਮਤ 5.00 ਰੁਪਏ

ਕੋਈ ਦਿੱਲੀ ਤੋਂ ਆਵੇ ਜਾਂ
ਕੋਈ ਕਾਬੁਲ ਤੋਂ ਅਬਦਾਲੀ
ਕਦੇ ਪੰਜਾਬ ਮੇਰੇ ਦੀ ਨਾ
ਯਾ ਰੱਬ ਆਥੋਂ-ਤਾਥ ਉਤਰੇ।

- ਡਾ. ਜਗਤਾਰ



ਰਸੂਲ ਹਮਜ਼ਾਤੋਵ ਦੀ ਸੰਸਾਰ ਪ੍ਰਸਿੱਧ ਪੁਸਤਕ 'ਮੇਰਾ ਦਾਗਿਸਤਾਨ' ਦਾ ਪੰਜਾਬੀ ਰੂਪ ਜਦੋਂ ਪਾਠਕਾਂ ਤਕ ਪਹੁੰਚਦਾ ਹੈ ਤਾਂ ਇਸ ਦੇ ਅਨੁਵਾਦਕ ਦਾ ਨਾਮ 'ਗੁਰੂਬਖਸ਼' ਦਰਜ ਸੀ। ਉਦੋਂ ਤਕ ਬਹੁਤਿਆਂ ਨੂੰ ਇਹ ਪਤਾ ਨਹੀਂ ਸੀ ਕਿ ਇਹ ਗੁਰੂਬਖਸ਼ ਕੌਣ ਹੈ? ਪਰ ਹੌਲੀ-ਹੌਲੀ ਗੁਰੂਬਖਸ਼ ਆਪਣੀ ਪਛਾਣ ਗੂੜ੍ਹੀ ਕਰਦਾ ਗਿਆ ਅਤੇ ਉਹ ਗੁਰਬਖ਼ਸ਼ ਸਿੰਘ ਫਰੈਂਕ ਵਜੋਂ ਪੰਜਾਬੀ ਸਾਹਿਤਕ/ਸਭਿਆਚਾਰਕ ਹਲਕਿਆਂ ਵਿੱਚ ਪ੍ਰਵਾਨ ਚੜ੍ਹਿਆ। ਮੇਰਾ ਦਾਗ਼ਿਸਤਾਨ ਦੀ ਖੂਬਸੂਰਤੀ ਹੀ ਇਹ ਹੈ ਕਿ ਪੰਜਾਬੀ ਪਾਠਕ ਨੂੰ ਪੜ੍ਹਨ ਸਮੇਂ ਇਹ ਕਿਤਾਬ ਅਨੁਵਾਦ ਨਹੀਂ ਸਗੋਂ ਮੌਲਿਕ ਰਚਨਾ ਲਗਦੀ ਹੈ। ਇਸ ਦਾ ਵੱਡਾ ਕਾਰਨ ਤਾਂ ਡਾ. ਫਰੈਂਕ ਦੀ ਅਨੁਵਾਦ ਕਰਨ ਦੀ ਲਿਆਕਤ ਹੈ, ਉਂਜ ਇਨ੍ਹਾਂ ਨੇ ਇਹ ਅਨੁਵਾਦ 'ਰੂਸੀ' ਭਾਸ਼ਾ ਤੋਂ ਹੀ ਕੀਤਾ ਹੈ, ਇਹ ਕਾਰਨ ਵੀ ਇਸ ਦੀ ਮਕਬੂਲੀਅਤ ਦਾ ਬਣਿਆ। ਜਦੋਂ ਇਹ ਕਿਤਾਬ ਆਈ ਤਾਂ ਪਾੜ੍ਹਿਆਂ ਵਿੱਚ ਇਹ ਚਰਚਾ ਚਲਦੀ ਸੀ ਕਿ ਜਿਸ ਨੇ ਇਹ ਕਿਤਾਬ ਨਹੀਂ ਪੜ੍ਹੀ, ਉਸ ਨੇ ਕੁਝ ਪੜ੍ਹਿਆ ਹੀ ਨਹੀਂ। ਅਸੀਂ ਇਸ ਅੰਕ ਵਿੱਚ ਡਾ. ਗੁਰਬਖ਼ਸ਼ ਸਿੰਘ ਫਰੈਂਕ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਇਸ ਸ਼ਾਹਕਾਰ ਵਿੱਚੋਂ ਕੁਝ ਵੰਨਗੀਆਂ ਵੀ ਦੇਣ ਦਾ ਉਪਰਾਲਾ ਕੀਤਾ ਹੈ ਉਮੀਦ ਹੈ ਸਾਡੇ ਪਾਠਕਾਂ ਨੂੰ ਚੰਗਾ ਲੱਗੇਗਾ।

-ਸੰਪਾਦਕ

ਭਾਰਤੀ ਸਾਹਿਤ ਅਕਾਦਮੀ ਵੱਲੋਂ ਅਨੁਵਾਦ ਲਈ ਪੁਰਸਕਾਰ ਲੈਣ ਸਮੇਂ

ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਨਮਾਨ ਦਿੰਦੇ ਹੋਏ ਡੀਨ ਅਕਾਦਮਿਕ ਪ੍ਰੋ. ਸਰਬਜੋਤ ਸਿੰਘ ਬਹਿਲ

ਭਾਰਤੀ ਸਾਹਿਤ ਅਕਾਦਮੀ ਵੱਲੋਂ ਅਨੁਵਾਦ ਲਈ ਪੁਰਸਕਾਰ ਲੈਂਦੇ ਹੋਏ।

ਸੁਹਜ, ਸਹਿਜ ਅਤੇ ਸਿਰੜ ਦੀ ਤ੍ਰਿਵੈਣੀ

ਡਾ. ਗੁਰਬਖ਼ਸ਼ ਸਿੰਘ ਫ਼ਰੈਂਕ

ਡਾ. ਲਖਵਿੰਦਰ ਸਿੰਘ ਜੌਹਲ

'ਗੁਰੂਬਖ਼ਸ਼', 'ਗੁਰਬਖ਼ਸ਼ ਸਿੰਘ' ਅਤੇ 'ਡਾਕਟਰ ਗੁਰਬਖ਼ਸ਼ ਸਿੰਘ ਫ਼ਰੈਂਕ'।...

ਉਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਵੀ, ਅਜੇ ਭਾਈ ਗੁਰਦਾਸ ਲਾਇਬ੍ਰੇਰੀ ਦਾ ਹੀ ਹਿੱਸਾ ਹੁੰਦਾ ਸੀ। ਡਾਕਟਰ ਫ਼ਰੈਂਕ ਸਾਨੂੰ ਸੱਭਿਆਚਾਰ ਦਾ ਪੇਪਰ ਪੜ੍ਹਾਉਂਦੇ ਸਨ।

ਸੱਭਿਆਚਾਰ ਕੀ ਹੈ? ਸਮਾਜ ਅਤੇ ਸੱਭਿਆਚਾਰ ਦੀਆਂ ਗਹਿਰੀਆਂ ਪਰਤਾਂ ਦੀ ਮਨੁੱਖ ਦੇ ਵਿਕਾਸ ਵਿੱਚ ਕੀ ਭੂਮਿਕਾ ਹੋ ਸਕਦੀ ਹੈ? ਵਿਅਕਤੀ ਦੀ ਸੋਚ ਕਿਵੇਂ ਵਿਗਸਦੀ ਹੈ? ਇਨਕਲਾਬੀ ਤਬਦੀਲੀਆਂ ਵਿੱਚ ਸੱਭਿਆਚਾਰ ਕਿਵੇਂ ਸਹਾਈ ਹੁੰਦਾ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਰੂ-ਬ-ਰੂ ਹੁੰਦੇ ਡਾਕਟਰ ਫ਼ਰੈਂਕ, ਆਪਣੇ ਸਾਹਮਣੇ ਬੈਠੇ ਵਿਦਿਆਰਥੀ ਦੇ ਦਿਮਾਗ਼ਾਂ ਨੂੰ ਸਹਿਜ ਰੂਪ ਵਿੱਚ ਹੀ ਹਲੂਣ ਦਿੰਦੇ। ਉਹ ਏਨੀ ਸਪੱਸ਼ਟਤਾ ਨਾਲ ਪੜ੍ਹਾਉਂਦੇ ਕਿ ਦਿਮਾਗ਼ਾਂ ਵਿੱਚ ਲੱਗਿਆ ਜਾਲਾ ਆਪ-ਮੁਹਾਰੇ ਝੜਦਾ ਜਾਂਦਾ। ਸਾਡੀ ਐੱਮ.ਫਿਲ ਦੀ ਕਲਾਸ ਯੂਨੀਵਰਸਿਟੀ ਦੇ ਅਕਾਦਮਿਕ ਇਤਿਹਾਸ ਦੀ ਸਭ ਤੋਂ ਨਿਆਰੀ ਕਲਾਸ ਕਹੀ ਜਾ ਸਕਦੀ ਹੈ। ਇਸ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਵਿੱਚੋਂ ਕੁਝ ਇਕ ਨਾਂਅ ਇਹ ਹਨ-ਗੁਰਸਾਗਰ ਸਿੰਘ (ਸਿੰਘ ਬ੍ਰਦਰਜ਼), ਪਰਮਜੀਤ ਸਿੰਘ ਢੀਂਗਰਾ (ਮੁਕਤਸਰ), ਕੁਲਵੰਤ ਸਿੰਘ ਸੰਧੂ (ਖ਼ਾਲਸਾ ਕਾਲਜ, ਜਲੰਧਰ), ਆਰਥਰ ਵਿਕਟਰ (ਪ੍ਰਸਾਰ ਭਾਰਤੀ), ਸੁਖਬੀਰ ਸਿੰਘ (ਖ਼ਾਲਸਾ ਕਾਲਜ, ਅੰਮ੍ਰਿਤਸਰ), ਇਕਬਾਲ ਸਿੰਘ ਭੋਮਾ (ਖ਼ਾਲਸਾ ਕਾਲਜ, ਜਲੰਧਰ), ਲਾਭ ਸਿੰਘ ਖੀਵਾ (ਕੋਂਦਰੀ ਪੰਜਾਬੀ ਲੇਖਕ ਸਭਾ), ਸਰਬਜੀਤ ਸੰਧੂ (ਗ਼ਜ਼ਲਗੋ), ਸੁਖਪਾਲ ਸਿੰਘ ਲਾਲੀ (ਗੁਰੂ ਨਾਨਕ ਦੇਵ ਯੂਨੀਵਰਸਿਟੀ) ਅਤੇ ਲਖਵਿੰਦਰ ਜੌਹਲ...

ਇਕ ਦਿਨ ਪੀਰੀਅਡ ਤੋਂ ਬਾਅਦ ਮੈਂ ਡਾਕਟਰ ਫ਼ਰੈਂਕ ਨੂੰ ਉਨ੍ਹਾਂ ਦੇ ਕਮਰੇ ਵਿੱਚ ਜਾ ਕੇ ਮਿਲਿਆ। ... ਉਨ੍ਹਾਂ ਨਾਲ 'ਨਵਾਂ ਜ਼ਮਾਨਾ' ਬਾਰੇ, ਕਾਮਰੇਡ ਜਗਜੀਤ ਸਿੰਘ ਆਨੰਦ ਬਾਰੇ ਅਤੇ ਸੁਰਜਨ ਜ਼ੀਰਵੀ ਬਾਰੇ ਢੇਰ ਸਾਰੀਆਂ ਗੱਲਾਂ ਹੋਈਆਂ। ਪਾਰਟੀ ਵਿੱਚ ਆਪਣੀ ਸਥਿਤੀ ਮੈਂ ਉਨ੍ਹਾਂ ਨੂੰ ਖੁੱਲ੍ਹ ਕੇ ਬਿਆਨ ਕੀਤੀ... ਉਨ੍ਹਾਂ ਸਿਰਫ਼ ਏਨਾ ਪੁੱਛਿਆ ਕਾਮਰੇਡ ਆਨੰਦ ਨਾਲ ਤੇਰੀ ਗੱਲ ਨਹੀਂ ਹੋਈ...।

ਡਾਕਟਰ ਫ਼ਰੈਂਕ ਦੀ ਸਰੀਰਕ ਦਿੱਖ ਬਿਲਕੁਲ ਨਿਵੇਕਲੀ ਸੀ। ਚੌੜੇ ਮੋਢਿਆਂ ਵਾਲਾ, ਮੋਟਾ ਤਾਜ਼ਾ ਸਰੀਰ, ਚੌੜਾ ਚਿਹਰਾ, ਮੋਟੇ-ਮੋਟੇ ਬੁੱਲ੍ਹ ਅਤੇ ਮੋਟੀ ਜੀਭ ਵਾਲਾ ਇਹ ਅਦਭੁੱਤ ਸਕਾਲਰ ਆਪਣੀ ਮਿਸਾਲ ਆਪ ਸੀ। .. .. .. ਕਲਾਸ ਵਿੱਚ ਬੈਠੇ ਕਦੇ-ਕਦੇ ਅਸੀਂ ਆਪਸ ਵਿੱਚ ਘੁਸਰ-ਮੁਸਰ ਕਰਦੇ, "ਡਾਕਟਰ ਸਾਹਿਬ ਬਿਨਾਂ ਜੀਭ ਹਿਲਾਏ ਕਿਵੇਂ ਬੋਲ ਲੈਂਦੇ ਹਨ?.. .. ਆਲੇ-ਦੁਆਲੇ ਹਾਸਾ ਪਸਰ ਜਾਂਦਾ.. .. ਪਰ ਉਹ ਅਣਡਿੱਠ ਕਰ ਦਿੰਦੇ।"

ਜਦੋਂ ਉਹ ਕਲਾਸ ਲਾਉਣ ਲਈ ਆ ਰਹੇ ਹੁੰਦੇ ਤਾਂ ਮੈਨੂੰ ਉਹ ਸ਼ੇਰ ਦੇ ਮੂੰਹ ਵਾਲੇ ਹਾਥੀ ਵਾਂਗ ਦਿਸਦੇ.. .. ਮਸਤ ਚਾਲ ਚੱਲਦੇ ਭਾਰੇ-ਭਾਰੇ ਕਦਮ.. .. ਡਾਇਸ ਉੱਤੇ ਆਪਣੀ ਡਾਇਰੀ ਜਾਂ ਕਿਤਾਬ ਰੱਖ ਕੇ ਉਹ ਪੜ੍ਹਾਉਣਾ ਸ਼ੁਰੂ ਕਰਦੇ। .. .. ਇਕ ਘੰਟੇ ਦੇ ਪੀਰੀਅਡ ਵਿੱਚ ਕਦੇ ਵੀ ਕੋਈ ਵੀ ਗੱਲ, ਉਨ੍ਹਾਂ ਪਾਠਕ੍ਰਮ ਤੋਂ ਬਾਹਰੀ ਕੀਤੀ ਹੋਵੇ ਜਾਂ ਕਿਸੇ ਵਿਦਿਆਰਥੀ ਨੂੰ ਹਲਕੀ-ਫੁਲਕੀ ਜਾਂ ਗੁੱਸੇ ਭਰੀ ਖਿਝੂ ਸ਼ੈਲੀ ਵਿੱਚ ਸੰਬੋਧਨ ਕੀਤਾ ਹੋਵੇ, ਇਸ ਦੀ ਮਿਸਾਲ ਮੈਂ ਕਦੇ ਨਹੀਂ ਵੇਖੀ। ਆਪਣਾ ਲੈਕਚਰ ਖ਼ਤਮ ਕਰਕੇ ਕੋਈ ਸਵਾਲ ਕਰਨ ਲਈ ਸੱਦਾ ਦਿੰਦੇ ਹੋਏ, ਉਹ ਹਮੇਸ਼ਾ ਸਹਿਜ ਰਹਿੰਦੇ, ਸਹਿਜ ਭਾਵ ਨਾਲ ਹੀ ਸਮਝਾਊ ਮੁਦਰਾ ਵਿੱਚ ਸਵਾਲਾਂ ਦੇ ਜਵਾਬ ਦਿੰਦੇ। ਹਲਕੇ-ਫੁਲਕੇ ਸਵਾਲਾਂ ਉੱਤੇ ਕਦੇ ਹਲਕਾ ਜਿਹਾ ਮੁਸਕਰਾਉਂਦੇ... ਫੇਰ ਇਕਦਮ ਗੰਭੀਰ ਹੋ ਜਾਂਦੇ...

ਵਿਭਾਗ ਦੀ ਰਾਜਨੀਤੀ ਤੋਂ ਉਹ ਅਕਸਰ ਨਿਰਲੇਪ ਹੀ ਰਹਿੰਦੇ। ਡਾਕਟਰ ਕਰਨੈਲ ਸਿੰਘ ਥਿੰਦ ਵਿਭਾਗ ਦੇ ਮੁਖੀ ਸਨ। ਡਾ. ਸਤਿੰਦਰ ਸਿੰਘ ਉਨ੍ਹਾਂ ਦੇ ਸੱਜੇ ਖੱਬੇ। ਡਾਕਟਰ ਫ਼ਰੈਂਕ ਅਤੇ ਡਾਕਟਰ ਜੋਗਿੰਦਰ ਸਿੰਘ ਰਾਹੀ ਵਿਚਾਰਧਾਰਕ ਸਮਾਨਤਾਵਾਂ ਦਾ ਝਾਉਲਾ ਪਾਉਂਦੇ ਹੋਏ ਵੀ, ਆਪਸ ਵਿੱਚ ਕਦੇ ਬਹੁਤਾ ਨਾ ਖੁੱਲ੍ਹਦੇ। ਡਾਕਟਰ ਆਤਮਜੀਤ ਹਮੇਸ਼ਾ ਵੱਖਰੇ-ਵੱਖਰੇ ਹੀ ਰਹਿੰਦੇ। ਕੁੱਲ ਮਿਲਾ ਕੇ ਮੁੱਖ ਰੂਪ ਵਿੱਚ ਦੋ ਹੀ ਧੜੇ ਸਨ। 'ਸੱਤਾਧਾਰੀਆਂ' ਅਤੇ 'ਵਿਰੋਧੀਆਂ' ਦਾ। ਕਿਹੜਾ ਵਿਦਿਆਰਥੀ ਕਿਸ ਨਾਲ ਟਰਮ ਪੇਪਰ ਕਰੇਗਾ ਅਤੇ ਕਿਸ ਨਾਲ ਥੀਸਿਸ.. .. ਇਹ ਕਸ਼ਮਕਸ਼ ਅੱਜਕੱਲ੍ਹ ਦੀਆਂ ਯੂਨੀਵਰਸਿਟੀਆਂ ਦੇ ਵਿਭਾਗਾਂ ਵਾਂਗ ਹੀ ਉਦੋਂ ਵੀ ਸੀ.. .. .. ਉਸ ਵੇਲੇ ਦਿੱਲੀ ਵਿੱਚ ਸੰਰਚਨਾਵਾਦੀਆਂ ਦੀ ਚੜ੍ਹਤ ਸੀ। ਡਾਕਟਰ ਹਰਿਭਜਨ ਸਿੰਘ ਦੇ ਆਲੇ-ਦੁਆਲੇ ਅਜੀਬ ਕਿਸਮ ਦਾ ਆਭਾ ਮੰਡਲ ਸੀ, ਜੋ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਤੱਕ ਆਮ ਤੌਰ 'ਤੇ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਤੱਕ ਖ਼ਾਸ ਤੌਰ 'ਤੇ ਫੈਲਿਆ ਹੋਇਆ ਸੀ। ਕਿਸੇ ਵੀ ਨਵੀਂ ਨਿਯੁਕਤੀ ਦਾ ਮਾਰਗ ਦਿੱਲੀ ਵਿੱਚੀਂ ਹੋ ਕੇ ਗੁਜ਼ਰਦਾ ਸੀ। ਕੋਈ ਵੀ ਥੀਸਸ ਦਿੱਲੀ ਦੇ ਮਾਹਿਰਾਂ ਰਾਹੀਂ ਹੀ ਪ੍ਰਵਾਨ ਚੜ੍ਹਦਾ ਸੀ। ਸਾਡਾ ਵਿਭਾਗ ਵੀ ਇਸ ਤੋਂ ਅਛੂਤਾ ਨਹੀਂ ਸੀ। ਯੂਨੀਵਰਸਿਟੀ ਦੇ ਜਲੰਧਰ ਵਾਲੇ ਰੀਜ਼ਨਲ ਸੈਂਟਰ ਵਿੱਚ ਹੋਏ ਇਕ ਕਹਾਣੀ ਸੈਮੀਨਾਰ ਦੌਰਾਨ ਡਾਕਟਰ ਹਰਿਭਜਨ ਸਿੰਘ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਿੱਚ ਹੋਈ ਤਿੱਖੀ ਬਹਿਸ ਵਿੱਚ ਮੈਂ ਵੀ ਬੁਰੀ ਤਰ੍ਹਾਂ ਉਲਝ ਚੁੱਕਿਆ ਸਾਂ। ਇਸ ਸੈਮੀਨਾਰ ਤੋਂ ਇਕਦਮ ਬਾਅਦ ਹੀ ਮੈਂ ਯੂਨੀਵਰਸਿਟੀ ਗਿਆ ਸਾਂ। ਇਕ ਦਿਨ ਮੈਨੂੰ ਡਾਕਟਰ ਫ਼ਰੈਂਕ ਨੇ ਉਸ ਸਾਰੇ ਵਰਤਾਰੇ ਦੇ ਵਿਸਥਾਰ ਪੁੱਛੇ, ਪਰ ਆਪਣੇ ਵੱਲੋਂ ਕੋਈ ਟਿੱਪਣੀ ਨਾ ਕੀਤੀ। ਉਨ੍ਹਾਂ ਦੀ ਮੁਸਕਰਾਹਟ ਤੋਂ ਮੈਨੂੰ ਸਾਫ਼ ਪਤਾ ਲੱਗ ਰਿਹਾ ਸੀ ਕਿ ਡਾ. ਹਰਿਭਜਨ ਸਿੰਘ ਅਤੇ ਡਾਕਟਰ ਰਾਹੀ ਦੀ ਬਹਿਸ ਵਿੱਚ ਮੇਰੇ ਵੱਲੋਂ ਲਿਆ ਗਿਆ ਪੈਂਤੜਾ ਉਨ੍ਹਾਂ ਨੂੰ ਪਸੰਦ ਨਹੀਂ ਸੀ, ਪਰ ਉਨ੍ਹਾਂ ਨੇ ਸਿਰਫ਼ ਮੁਸਕਰਾਉਂਦੇ ਹੋਏ ਮੇਰੀ ਗੱਲ ਸੁਣੀ, ਕੋਈ ਟਿੱਪਣੀ ਨਾ ਕੀਤੀ। ...

ਜਦੋਂ ਟਰਮ ਪੇਪਰਾਂ ਅਤੇ ਥੀਸਿਸ ਦੀ ਗੱਲ ਆਈ ਤਾਂ ਮੇਰੇ ਗਾਈਡ ਡਾਕਟਰ ਸਤਿੰਦਰ ਸਿੰਘ ਬਣੇ। ਇਸ ਵਿੱਚ ਮੇਰੀ ਕੋਈ ਉਚੇਚ ਨਹੀਂ ਸੀ। ਕਿਉਂਕਿ ਮੈਂ ਆਪਣੀ ਖੋਜ ਦਾ ਖੇਤਰ ਕਵਿਤਾ ਚੁਣਿਆ ਸੀ, ਇਸ ਕਰਕੇ ਇਹ ਇੰਜ ਹੀ ਹੋਣਾ ਸੀ। ਡਾ. ਫ਼ਰੈਂਕ ਨੇ ਮੈਨੂੰ ਸੱਭਿਆਚਾਰ ਉੱਤੇ ਖੋਜ ਕਾਰਜ ਕਰਨ ਲਈ ਕਿਹਾ, ਪਰ ਮੈਂ ਨਾ ਮੰਨਿਆ... ਇੱਥੋਂ ਸਾਡੇ ਸੰਬੰਧਾਂ ਵਿੱਚ ਇਕ ਚੁੱਪ ਜਿਹੀ ਪਸਰ ਗਈ... ਹੁਣ ਉਹ ਮੇਰੇ ਨਾਲ ਰਸਮੀ ਜਿਹੀ ਗੱਲਬਾਤ ਹੀ ਕਰਦੇ। ਮੈਂ ਵੀ ਉਨ੍ਹਾਂ ਤੋਂ ਕੰਨੀ ਕਤਰਾਉਣ ਲੱਗ ਪਿਆ ਸਾਂ।... ਇਹ ਸਭ ਕੁਝ ਕਿਉਂ ਵਾਪਰਿਆ ਸੀ? ਕੀ ਮੈਂ ਸੱਚਮੁੱਚ ਕਵਿਤਾ ਉੱਤੇ ਕੰਮ ਕਰਨ ਦੇ ਇਰਾਦੇ ਕਰਕੇ ਹੀ ਸੰਰਚਨਾਵਾਦੀਆਂ ਦੇ ਖੇਮੇ ਵਿੱਚ ਚਲਾ ਗਿਆ ਸਾਂ? ਕਮਿਊਨਿਸਟ ਪਾਰਟੀ ਤੋਂ ਅਸਤੀਫ਼ਾ ਦੇਣ ਉਪਰੰਤ ਮੇਰੇ ਵਿੱਚ ਇਕ ਚੁੱਪ-ਵਿਰੋਧ ਪਨਪ ਰਿਹਾ ਸੀ? ਜਾਂ ਮੈਂ ਅਚੇਤ ਰੂਪ ਵਿੱਚ ਹੀ ਕਰੀਅਰਿਸਟ ਹੋ ਗਿਆ ਸਾਂ? ਇਸ ਦਾ ਵਿਸ਼ਲੇਸ਼ਣ ਮੈਂ ਅੱਜ ਤੱਕ ਵੀ ਨਹੀਂ ਕਰ ਸਕਿਆ। ਡਾਕਟਰ ਰਾਹੀ ਨਾਲ ਹੋਈ ਮੇਰੀ ਸਾਰੀ ਬਹਿਸ 'ਨਵਾਂ ਜ਼ਮਾਨਾ' ਵਿੱਚ ਛੇ ਕਿਸ਼ਤਾਂ ਵਿੱਚ ਛਪੀ ਸੀ, ਜਿਸ ਨੂੰ ਮੈਂ ਅੱਜ ਵੀ ਸੰਭਾਲ ਕੇ ਰੱਖਿਆ ਹੋਇਆ ਹੈ। ਇਹ ਵੀ ਸੱਚ ਹੈ ਕਿ ਇਸ ਬਹਿਸ ਦੇ ਕਈ ਨੁਕਤੇ ਮੈਂ ਡਾਕਟਰ ਰਵਿੰਦਰ ਰਵੀ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਪਹੁੰਚ ਕੇ ਪਹਿਲਾਂ ਵਿਚਾਰੇ ਸਨ ਅਤੇ ਫੇਰ ਲਿਖੇ ਸਨ, ਪਰ ਮੈਂ ਇਹ ਗੱਲ ਡਾਕਟਰ ਫ਼ਰੈਂਕ ਨੂੰ ਨਹੀਂ ਦੱਸੀ। .. .. .. ਫੇਰ ਡਾਕਟਰ ਫ਼ਰੈਂਕ ਕੁਝ ਦਿਨ ਯੂਨੀਵਰਸਿਟੀ ਨਾ ਆਏ। ਉਨ੍ਹਾਂ ਨੂੰ ਵਾਇਰਲ ਹੋ ਗਿਆ ਸੀ। ਮੈਂ ਉਨ੍ਹਾਂ ਦੇ ਛੇਹਰਟਾ ਵਾਲੇ ਘਰ ਉਨ੍ਹਾਂ ਦੀ ਖ਼ਬਰ ਲੈਣ ਗਿਆ.. .. .. ਲੱਗਭੱਗ ਇਕ ਘੰਟਾ ਮੈਂ ਉਨ੍ਹਾਂ ਨਾਲ ਗੁਜ਼ਾਰਿਆ.. .. ਬਹੁਤੀਆਂ ਗੱਲਾਂ 'ਨਵਾਂ ਜ਼ਮਾਨਾ'.. .. .. ਅਤੇ ਕਾਮਰੇਡ ਆਨੰਦ ਬਾਰੇ ਹੀ ਹੋਈਆਂ। ਉਨ੍ਹਾਂ ਨੇ ਮੇਰੇ ਨਾਲ ਵਿਭਾਗ ਦੀ ਕੋਈ ਗੱਲ ਨਾ ਕੀਤੀ...

ਐੱਮ.ਫਿਲ ਕਰਨ ਤੋਂ ਅੱਠ ਸਾਲ ਬਾਅਦ 1991 ਵਿੱਚ ਮੈਂ ਵਿਭਾਗ ਵਿੱਚ ਡਾਕਟਰ ਐੱਸ.ਪੀ. ਸਿੰਘ ਨਾਲ ਬਰਤਾਨਵੀ ਪੰਜਾਬੀ ਕਵਿਤਾ ਉੱਤੇ ਪੀ ਐੱਚ. ਡੀ. ਕਰਨ ਲੱਗ ਪਿਆ। ... ਚਾਰ ਕੁ ਸਾਲਾਂ ਵਿੱਚ ਮੈਂ ਆਪਣਾ ਕੰਮ ਮੁਕੰਮਲ ਕਰ ਲਿਆ। ਡਾਕਟਰ ਐਸ. ਪੀ. ਸਿੰਘ ਗੀਡਰ ਤੋਂ ਪ੍ਰੋਫ਼ੈਸਰ ਅਤੇ ਡੀਨ ਕਾਲਜ ਡਿਵੈੱਲਪਮੈਂਟ ਕੌਂਸਲ ਬਣ ਚੁੱਕੇ ਸਨ।... 1995 ਦੇ ਸ਼ੁਰੂ ਵਿੱਚ ਮੇਰੇ ਵਾਈਵੇ ਦੀ ਤਰੀਕ ਆ ਗਈ... ਡਾਕਟਰ ਫ਼ਰੈਂਕ ਵਿਭਾਗ ਦੇ ਮੁਖੀ ਸਨ... ਮੇਰਾ ਵਾਈਵਾ ਲੈਣ ਲਈ ਡਾਕਟਰ ਅਮਰਜੀਤ ਸਿੰਘ ਕਾਂਗ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਆਉਣਾ ਸੀ। ਦਿੱਤੇ ਗਏ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਮੈਂ ਆਪਣੀ ਪਤਨੀ ਪਰਮਜੀਤ ਨਾਲ ਡਾਕਟਰ ਫ਼ਰੈਂਕ ਕੋਲ ਉਨ੍ਹਾਂ ਦੇ ਕਮਰੇ ਵਿੱਚ ਪਹੁੰਚ ਗਿਆ। ਮੈਂ ਪੂਰੇ ਉਮਾਹ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਮਿਲਿਆ। ਗੋਡਿਆਂ ਨੂੰ ਹੱਥ ਲਗਾਇਆ। ਉਨ੍ਹਾਂ ਦੇ ਚਿਹਰੇ ਦਾ ਜਲੌਅ ਉਸੇ ਤਰ੍ਹਾਂ ਸੀ, ਜਿਵੇਂ ਤੇਰਾਂ ਸਾਲ ਪਹਿਲਾਂ ਸੀ। 1982 ਤੋਂ 1995 ਤੱਕ ਦੇ ਸਾਲਾਂ ਦਾ ਕੋਈ ਪਰਛਾਵਾਂ ਉਨ੍ਹਾਂ ਦੇ ਚਿਹਰੇ ਉੱਤੇ ਨਹੀਂ ਸੀ... ਚਾਹ ਪੀਂਦਿਆਂ ਉਨ੍ਹਾਂ ਨੇ ਮੇਰੇ ਉੱਤੇ ਕੁਝ ਸਵਾਲ ਤਾਬੜ-ਤੋੜ ਦਾਗ਼ ਦਿੱਤੇ... 'ਕੀ ਗੱਲ ਦੂਰਦਰਸ਼ਨ ਛੱਡ ਕੇ ਅਕਾਦਮਿਕ ਖੇਤਰ ਵਿੱਚ ਆਉਣ ਦਾ ਮਨ ਬਣਾ ਲਿਐ?'

ਮੈਂ ਕਿਹਾ-'ਨਹੀਂ ਜੀ।'

? ਪੀ.ਐੱਚ.ਡੀ. ਕਰਨ ਨਾਲ ਕੋਈ ਵਾਧੂ ਇੰਕਰੀਮੈਂਟ ਮਿਲੇਗੀ।

-ਨਹੀਂ ਜੀ।

'ਕਿਸੇ ਹੋਰ ਵਿਭਾਗ ਵਿੱਚ ਜਾਣ ਦਾ ਇਰਾਦਾ ਬਣਾ ਰਿਹੈਂ?'

'ਨਹੀਂ ਜੀ'...

... ਫੇਰ ਕੁਝ ਦੇਰ ਉਹ ਚੁੱਪ ਰਹੇ ... ਮੈਂ ਸੋਚ ਰਿਹਾ ਸਾਂ ਕਿ ਏਨੇ ਸਵਾਲ ਪੁੱਛਣ ਦਾ ਮਕਸਦ ਕੀ ਹੋ ਸਕਦਾ ਹੈ? ... । ... ਉਹ ਮੁਸਕਰਾਏ ਤੇ ਬੋਲੇ ... ਫੇਰ ਤੈਨੂੰ ਇਹ ਪੀ ਐੱਚ.ਡੀ. ਕਰਨ ਦੀ ਲੋੜ ਕੀ ਸੀ?

... ਮੈਂ ਡਰ ਗਿਆ ਕਿ ਹੋਰ ਘੜੀ ਨੂੰ ਹੋਣ ਵਾਲੇ ਮੇਰੇ ਵਾਈਵੇ ਵਿੱਚ ਪਤਾ ਨਹੀਂ ਕੀ ਵਾਪਰਨ ਵਾਲਾ ਹੈ ... ਮੇਰੀਆਂ ਅੱਖਾਂ ਛਲਕਣ ਹੀ ਵਾਲੀਆਂ ਸਨ। ... ...

ਮੈਂ ਇਕ ਲੰਮਾ ਸਾਹ ਲਿਆ ... ਪਰ ਚੁੱਪ ਰਿਹਾ। ਪਤਨੀ ਵੱਲ ਵੇਖਿਆ ... ਉਹ ਵੀ ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਵੇਖ ਰਹੀ ਸੀ ... ਮਾਰਚ ਦੇ ਸ਼ੁਰੂਆਤੀ ਦਿਨਾਂ ਵਿੱਚ ਵੀ ਮੈਨੂੰ ਪਸੀਨਾ ਆ ਰਿਹਾ ਸੀ ... ਉਹ ਫੇਰ ਬੋਲੇ-"ਤੂੰ ਇਹ ਫੀਲਡ ... " ਉਨ੍ਹਾਂ ਨੇ ਅੱਧਾ ਫਿਕਰਾ ਹੀ ਬੋਲਿਆ ਸੀ ਕਿ ਡਾਕਟਰ ਐੱਸ.ਪੀ. ਸਿੰਘ ਅਤੇ ਡਾਕਟਰ ਅਮਰਜੀਤ ਸਿੰਘ ਕਾਂਗ ਕਮਰੇ ਵਿੱਚ ਪ੍ਰਵੇਸ਼ ਕਰ ਗਏ ... ਹਫ਼ਤੇ ਕੁ ਬਾਅਦ ਹੀ ਕਨਵੋਕੇ

31-Dec-Sunday.qxd 12/30/2023 8:17 PM Page 2

ਮੂਰਖ ਚੀਕ ਮਾਰ ਕੇ ਚਕ੍ਰਿਤ ਕਰਦਾ ਹੈ,
ਪਰ ਸਿਆਣਾ ਵੇਲੇ ਸਿਰ ਢੁਕਵੀਂ ਗੱਲ ਕਹਿ ਕੇ।
-ਰਸੂਲ ਹਮਜ਼ਾਤੋਵ

ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਪਾਣੀਆਂ ਬਾਰੇ ਪੰਜਾਬ ਦਾ ਪੱਖ ਹੋਰ ਵੀ ਮਜ਼ਬੂਤ ਹੋ ਗਿਐ

ਦ੍ਰਿਸ਼ਟੀਕੋਣ
ਜਤਿੰਦਰ ਪਨੂੰ

ਖਬਰਾਂ ਦੇ ਖਿਲਾਰੇ ਪੱਖੋਂ ਖੜੋਤ ਕਦੇ ਵੀ ਨਹੀਂ ਆਉਂਦੀ ਤੇ ਨਿੱਤ ਨਵੀਆਂ ਨਹੀਂ, ਸਗੋਂ ਹਰ ਪਲ ਨਵੀਂ ਤੋਂ ਨਵੀਂ ਖਬਰ ਮਿਲਣ ਤੇ ਉਸ ਖਬਰ ਦੇ ਵੇਰਵੇ ਫੋਲਣ ਤੱਕ ਨਵੀਂ ਖਬਰ ਮਿਲਣ ਦੇ ਅਸੀਂ ਪੱਤਰਕਾਰੀ ਖੇਤਰ ਦੇ ਲੋਕ ਆਦੀ ਹੋ ਜਾਂਦੇ ਹਾਂ। ਹਰ ਸਾਲ ਵਾਂਗ ਵੀਹ ਸੌ ਤੇਈ ਦਾ ਸਾਲ ਵੀ ਚੰਗੇ-ਮਾੜੇ ਹਾਲਾਤ ਦੀ ਭਰਮਾਰ ਦਾ ਸਾਲ ਰਿਹਾ ਹੈ, ਪਰ ਜਾਂਦਾ-ਜਾਂਦਾ ਇਹ ਪਾਣੀਆਂ ਦੇ ਮੁੱਦੇ ਉੱਤੇ ਉਹ ਵੱਡੀ ਖਬਰ ਦੇ ਗਿਆ ਹੈ, ਜਿਸ ਦਾ ਸੰਬੰਧ ਪੰਜਾਬ ਤੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਦੀ ਹੋਂਦ ਨਾਲ ਜੁੜਿਆ ਪਿਆ ਹੈ। ਮੁੱਦਾ ਪੁਰਾਤਨ ਸਮਿਆਂ ਤੋਂ ਉਪਜਾਊ ਗਿਣੇ ਜਾਂਦੇ ਰਹੇ ਇਸ ਖੇਤਰ ਨੂੰ ਵੱਸਦਾ ਰੱਖਣ ਦਾ ਹੈ। ਜਦੋਂ ਹਾਲੇ ਜ਼ਿੰਦਗੀ ਸਿਰਫ ਖੇਤੀ ਆਸਰੇ ਚਲਦੀ ਸੀ ਅਤੇ ਪਾਣੀ ਉਸ ਲਈ ਪਹਿਲੀ ਲੋੜ ਸੀ, ਜਿਸ ਨਾਲ ਫਸਲਾਂ ਪੈਦਾ ਕੀਤੀਆਂ ਜਾ ਸਕਣ। ਉਦੋਂ ਮਨੁੱਖੀ ਬਸਤੀਆਂ ਓਥੇ ਵਸਾਈਆਂ ਜਾਂਦੀਆਂ ਸਨ, ਜਿੱਥੇ ਪਾਣੀਆਂ ਦੀ ਮੌਜੂਦਗੀ ਹਮੇਸ਼ਾ ਰਹਿੰਦੀ ਹੋਵੇ। ਪੰਜਾਬ 'ਸਪਤ ਸਿੰਧੂ' ਦੀ ਧਰਤੀ ਹੋਣ ਕਾਰਨ ਏਥੇ ਪਾਣੀ ਹਰ ਵੇਲੇ ਮਿਲਦਾ ਸੀ ਤੇ ਏਸੇ ਕਾਰਨ ਏਥੇ ਖੇਤੀ ਵੱਧ ਹੁੰਦੀ ਸੀ। ਅੱਗੋਂ ਖੇਤੀ ਕਾਰਨ ਏਥੋਂ ਦੀ ਬਾਕੀ ਦੇਸ਼ ਤੋਂ ਵੱਧ ਖੁਸ਼ਹਾਲੀ ਹਰ ਧਾੜਵੀ ਨੂੰ ਏਧਰ ਆਉਣ ਨੂੰ ਖਿੱਚਦੀ ਹੁੰਦੀ ਸੀ। ਕੋਈ ਵੀ ਹਮਲਾਵਰ ਆਉਂਦਾ ਤਾਂ ਪਹਿਲਾ ਧਾਵਾਂ ਉਨ੍ਹਾਂ ਇਲਾਕਿਆਂ ਉੱਤੇ ਕਰਦਾ ਹੁੰਦਾ ਸੀ, ਜਿੱਥੇ ਪਾਣੀ ਅਤੇ ਖੇਤੀ ਹੋਵੇ, ਕਿਉਂਕਿ ਉਹ ਜਾਣਦੇ ਸਨ ਕਿ ਏਥੇ ਪਾਣੀ ਤੇ ਖੇਤੀ ਹੋਣ ਕਾਰਨ ਕੁਝ ਨਾ ਕੁਝ ਮਾਲ ਜ਼ਰੂਰ ਮਿਲ ਜਾਵੇਗਾ ਅਤੇ ਹੋਰ ਕੁਝ ਨਹੀਂ ਤਾਂ ਭਵਿੱਖ ਵਿੱਚ ਜ਼ਿੰਦਾ ਰਹਿਣ ਦੀ ਗਾਰੰਟੀ ਵਾਲੀ ਖੇਤੀ ਕਰਨ ਵਾਲਾ ਇਲਾਕਾ ਹੀ ਮਿਲ ਜਾਵੇਗਾ। ਪੱਛਮ ਤੋਂ ਆਏ ਹਮਲਾਵਰਾਂ ਦੀਆਂ ਧਾੜਾਂ ਭਾਰਤ ਨੂੰ ਲੁੱਟਣ ਲਈ ਏਥੋਂ ਲੰਘਣ ਦਾ ਵੀ ਇਹੋ ਕਾਰਨ ਸੀ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਹਮੇਸ਼ਾ ਨਿੱਤ ਦੀਆਂ ਮੁਹਿੰਮਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਅੱਜ-ਕੱਲ੍ਹ ਹਮਲਾਵਰੀ ਕਰਨ ਲਈ ਲਸ਼ਕਰਾਂ ਅਤੇ ਸਿੱਧੀਆਂ ਲੜਾਈਆਂ ਲੜਨ ਦਾ ਯੁੱਗ ਨਹੀਂ ਰਹਿ ਗਿਆ, ਪਰ ਉਨ੍ਹਾਂ ਲੜਾਈਆਂ ਦੀ ਥਾਂ ਰਾਜਨੀਤਕ ਤਿਕੜਮਾਂ ਨਾਲ ਪੰਜਾਬ ਅਤੇ ਇਹਦੇ ਵਰਗੇ ਹੋਰ ਰਾਜਾਂ ਦਾ ਹੱਕ ਖੋਹਣ ਦੇ ਯਤਨ ਹੁੰਦੇ ਰਹਿੰਦੇ ਹਨ।

ਪੰਜਾਬ ਦੇ ਪਾਣੀਆਂ ਦੀ ਅਜੋਕੀ ਉਲਝਣ ਸਾਡੇ ਵਕਤ ਦੇ ਸਾਰੇ ਪੱਤਰਕਾਰ ਤੇ ਲੇਖਕ ਪੰਜਾਬ ਅਤੇ ਹਰਿਆਣੇ ਦੇ ਵੱਖ ਹੋਣ ਦੀ ਘੜੀ ਤੋਂ ਮੰਨਦੇ ਹਨ, ਪਰ ਅਸਲ ਵਿੱਚ ਇਸ ਦੀ ਸ਼ੁਰੂਆਤ ਪਾਕਿਸਤਾਨ ਬਣਨ ਅਤੇ ਭਾਰਤ-ਪਾਕਿ ਵਿੱਚ ਪਾਣੀਆਂ ਦੀ ਵੰਡ ਦੇ ਮੁਢਲੇ ਫੈਸਲਿਆਂ ਵੇਲੇ ਹੀ ਹੋ ਗਈ ਸੀ। ਉਸ ਵੰਡ ਵੇਲੇ ਸਾਡਾ ਇਹ ਖੇਤਰ ਰਿਪੇਰੀਅਨ ਅਸੂਲ ਦੇ ਮੁਤਾਬਕ ਮੁਢਲਾ ਰਿਪੇਰੀਅਨ, ਅੰਗਰੇਜ਼ੀ ਵਿੱਚ 'ਅੱਪਰ ਰਿਪੇਰੀਅਨ' ਰਾਜ ਸੀ, ਕਿਉਂਕਿ ਦਰਿਆ ਸਾਡੇ ਪਾਸੇ ਤੋਂ ਸ਼ੁਰੂ ਹੋ ਕੇ ਨਵੇਂ ਬਣਾਏ ਦੇਸ਼ ਪਾਕਿਸਤਾਨ ਵੱਲ ਨੂੰ ਜਾਂਦੇ ਸਨ। ਮਾਮਲਾ ਪਾਣੀਆਂ ਦੀ ਵੰਡ ਦਾ ਸੀ, ਪਰ ਫੈਸਲੇ ਦੀ ਘੜੀ ਵੰਡ ਪਾਣੀਆਂ ਦੀ ਨਹੀਂ, ਦਰਿਆਵਾਂ ਦੀ ਹੁੰਦੀ ਰਹੀ ਤੇ ਸਾਂਝੇ ਪੰਜਾਬ ਦੇ ਪੱਛਮੀ ਪਾਸੇ ਵਗਦੇ ਤਿੰਨ ਦਰਿਆ ਸਿੰਧ, ਜੇਹਲਮ ਤੇ ਚਿਨਾਬ ਪਾਕਿਸਤਾਨ ਨੂੰ ਛੱਡ ਕੇ ਪੂਰਬੀ ਪਾਸੇ ਦੇ ਸਤਲੁਜ, ਬਿਆਸ ਤੇ ਰਾਵੀ ਭਾਰਤ ਕੋਲ ਰਹਿ ਗਏ ਸਨ। ਇਸ ਵੰਡ ਵੇਲੇ ਸ਼ੁਰੂ ਵਿੱਚ ਰਾਜਸਥਾਨ ਦੇ ਮਾਰੂਥਲ ਨੂੰ ਹਰੇ-ਭਰੇ ਖੇਤਰ ਵਿੱਚ ਬਦਲਣ ਲਈ ਉਸ ਦੀ ਪਾਣੀ ਦੀ ਲੋੜ ਦੀ ਗੱਲ ਵੀ ਚੱਲੀ, ਪਰ ਬਾਅਦ ਵਿੱਚ ਛੱਡ ਦਿੱਤੀ ਗਈ ਤੇ ਉਸ ਨੂੰ ਦੇਣ ਲਈ ਭਾਰਤੀ ਪੰਜਾਬ ਦੇ ਪਾਣੀਆਂ ਵਿੱਚੋਂ ਸਰੋਤ ਵਰਤਣ ਦਾ ਰਾਹ ਕੱਢਿਆ ਗਿਆ। ਪੰਜਾਬ ਦੀ ਅਗਲੀ ਬਦਕਿਸਮਤੀ ਇਹ ਕਿ ਪ੍ਰਤਾਪ ਸਿੰਘ ਕੈਰੋਂ ਦੇ ਰਾਜ ਵੇਲੇ ਅਜੋਕਾ ਹਰਿਆਣਾ ਹਾਲੇ ਪੰਜਾਬ ਵਿੱਚ ਸੀ ਤੇ ਓਦੋਂ ਪੰਜਾਬ ਦਾ ਸਿੰਜਾਈ ਦਾ ਮੰਤਰੀ ਉਸ ਇਲਾਕੇ ਦਾ ਇੱਕ ਆਗੂ ਬਣ ਗਿਆ, ਜਿੱਥੇ ਸਮਾਂ ਪਾ ਕੇ ਹਰਿਆਣਾ ਬਣ ਜਾਣ ਦੇ ਸੰਕੇਤ ਪੰਜਾਬੀ ਸੂਬਾ ਲਹਿਰ ਤੋਂ ਮਿਲਦੇ ਪਏ ਸਨ। ਨਹਿਰੀ ਯੋਜਨਾਬੰਦੀ ਦੇ ਕੰਮ ਵਿੱਚ ਪੰਜਾਬੀ ਉਦੋਂ ਵਿੱਸਰ-ਭੋਲੇ ਸਨ, ਹਰਿਆਣੇ ਵਾਲੇ ਲੀਡਰ ਚੌਕੰਨੇ ਸਨ। ਉਸ ਸਿੰਜਾਈ ਮੰਤਰੀ ਨੇ ਨਹਿਰਾਂ ਆਦਿ ਰਾਹੀਂ ਏਹੋ ਜਿਹੀ ਚੁਸਤੀ ਕੀਤੀ ਕਿ ਏਧਰ ਵਾਲਾ ਪਾਣੀ ਓਧਰ ਜਾਂਦਾ ਰਹੇ ਤੇ ਉਸ ਪਾਸਿਉਂ ਏਧਰ ਪਾਣੀ ਲਿਆ ਸਕਣ ਵਾਲਾ ਰਾਹ ਹੀ ਨਕਸ਼ਿਆਂ ਵਿੱਚ ਕੋਈ ਨਾ ਛੱਡਿਆ ਗਿਆ। ਪਾਕਿਸਤਾਨ ਨਾਲ ਵੰਡ ਮਗਰੋਂ ਸਾਡੇ ਪੰਜਾਬ ਨੂੰ ਪਾਣੀ ਦਾ ਜਿਹੜਾ ਹਿੱਸਾ ਮਿਲਣਾ ਸੀ, ਉਸ ਦੀ ਲੋੜ ਪੂਰਤੀ ਲਈ ਚਿਨਾਬ ਤੇ ਰਾਵੀ ਨੂੰ ਜੋੜਨ ਦੀ ਸਕੀਮ ਦੱਸੀ ਗਈ, ਪਰ ਉਸ ਦਾ ਕੰਮ ਵੀ ਪਛੜਦਾ ਗਿਆ ਅਤੇ ਮਾਧੋਪੁਰ ਤੇ ਹਰੀਕੇ ਪੱਤਣ ਦੇ ਹੈੱਡ ਵਰਕਸ ਟੱਪਣ ਪਿੱਛੋਂ ਜਿਹੜਾ ਪਾਣੀ ਪਾਕਿਸਤਾਨ ਨੂੰ ਵਾਧੂ ਵਗਦਾ ਸੀ, ਉਸ ਨੂੰ ਰੋਕਣ ਦਾ ਕੰਮ ਵੀ ਕਦੇ ਨਹੀਂ ਕੀਤਾ ਗਿਆ। ਰਾਜਸਥਾਨ ਨੂੰ ਵੀ ਸਾਡੇ ਪੰਜਾਬ ਤੋਂ ਪਾਣੀ ਅੱਜ ਤੱਕ ਵਗੀ ਜਾਂਦਾ ਹੈ ਅਤੇ ਉਦੋਂ ਬਣਾਈਆਂ ਸਕੀਮਾਂ ਕਾਰਨ ਹਰਿਆਣੇ ਦੇ ਇਲਾਕੇ ਵੱਲ ਨੂੰ ਭਾਖੜਾ ਮੇਨ ਲਾਈਨ ਦਾ ਪਾਣੀ ਵੀ ਰਾਜਪੁਰੇ ਦੇ ਹੇਠਲੇ ਪਾਸੇ ਤੋਂ ਓਧਰ ਜਾਂਦੀ ਨਹਿਰ ਤੇ ਖਨੌਰੀ ਬੈਰੇਜ ਤੋਂ ਅੱਜ ਤੱਕ ਲਗਾਤਾਰ ਵਗੀ ਜਾਂਦਾ ਹੈ। ਪੰਜਾਬ ਦੇ ਆਗੂ ਐਵੇਂ ਫੋਕੀਆਂ ਫੜ੍ਹਾਂ ਮਾਰਨ ਲੱਗੇ ਰਹਿੰਦੇ ਹਨ ਕਿ ਅਸੀਂ ਪਾਣੀ ਦੀ ਇੱਕ ਬੂੰਦ ਵੀ ਕਿਸੇ ਨੂੰ ਨਹੀਂ ਦੇਣੀ।

ਫਿਰ ਇੱਕ ਹੋਰ ਧੱਕਾ ਪੰਜਾਬ ਨਾਲ ਹੋ ਗਿਆ। ਪੰਜਾਬ ਤੋਂ ਹਰਿਆਣਾ ਵੱਖ ਹੋਣਾ ਸੀ ਤਾਂ ਇਸ ਦੀ ਸਭ ਸਰਕਾਰੀ ਜਾਇਦਾਦ ਦੀ ਵੰਡ ਵੇਲੇ ਸੱਠ-ਚਾਲੀ ਦੇ ਨੇੜੇ ਦਾ ਫਾਰਮੂਲਾ ਚਲਦਾ ਰਿਹਾ, ਪਰ ਪਾਣੀਆਂ ਦੀ ਵੰਡ ਵਿੱਚ ਵੀ ਏਥੇ ਧੱਕਾ ਹੋ ਗਿਆ। ਅਸੀਂ ਛਿਆਹਠ ਕੁ ਸਾਲ ਇਹੋ ਗੱਲਾਂ ਸੁਣੀ ਗਏ ਕਿ ਪੰਜਾਬ ਨਾਲ ਧੱਕਾ ਹੁੰਦਾ ਹੈ, ਪਰ ਧੱਕੇ ਦਾ ਅਸਲ ਮੁੱਦਾ ਪੰਜਾਬ ਦੇ ਕਿਸੇ ਸਿਆਸੀ ਆਗੂ ਨੇ ਲੋਕਾਂ ਸਾਹਮਣੇ ਜਾਂ ਅਦਾਲਤ ਵਿੱਚ ਰੱਖਿਆ ਹੀ ਨਹੀਂ। ਸੁਪਰੀਮ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਦੇ ਦੂਸਰੇ ਰਾਜ ਦੌਰਾਨ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਮਿਲਣ ਦੀ ਹਦਾਇਤ ਕੀਤੀ ਤਾਂ ਅਮਰਿੰਦਰ ਸਿੰਘ ਕੋਲ ਏਦਾਂ ਦੀਆਂ ਬੈਠਕਾਂ ਲਈ ਵਕਤ ਨਹੀਂ ਸੀ ਹੁੰਦਾ, ਉਹ ਸਿਰਫ ਰਾਜ ਮਾਣਦਾ ਸੀ, ਚਰਨਜੀਤ ਸਿੰਘ ਚੰਨੀ ਨੂੰ ਸਮਾਂ ਥੋੜ੍ਹਾ ਮਿਲਿਆ ਤੇ ਭਗਵੰਤ ਮਾਨ ਦੀ ਸਰਕਾਰ ਆਈ ਤਾਂ ਹਰਿਆਣੇ ਦੇ ਮੁੱਖ ਮੰਤਰੀ ਨਾਲ ਪਹਿਲੀ ਸਿੱਧੀ ਬੈਠਕ ਹੋ ਸਕੀ। ਪੰਜਾਬ ਦੇ ਲੋਕਾਂ ਨੂੰ ਉਦੋਂ ਪਹਿਲੀ ਪਤਾ ਲੱਗਾ ਕਿ ਧੱਕੇ ਦੀ ਜੜ੍ਹ ਇਹ ਸੀ ਕਿ ਸਾਰੀ ਸਰਕਾਰੀ ਜਾਇਦਾਦ ਸੱਠ-ਚਾਲੀ ਨਾਲ ਵੰਡ ਕਰਨ ਸਮੇਂ ਵੀ ਪਾਣੀ ਸਿਰਫ ਸਾਡੇ ਵੱਲ ਦੇ ਦਰਿਆਵਾਂ ਦਾ ਗਿਣਿਆ, ਹਰਿਆਣੇ ਵੱਲ ਵਗਦੇ ਜਮਨਾ ਅਤੇ ਹੋਰ ਸਰੋਤਾਂ ਦਾ ਪਾਣੀ ਕਿਸੇ ਨੇ ਕਦੀ ਨਹੀਂ ਮਿਣਿਆ। ਭਗਵੰਤ ਮਾਨ ਨੇ ਕਿਹਾ ਕਿ ਜਮਨਾ ਦਾ ਪਾਣੀ ਵੀ ਇਸ ਖਾਤੇ ਵਿੱਚ ਰੱਖ ਕੇ ਗੱਲ ਕਰੋ ਤੇ ਘੱਗਰ ਦਾ ਜਿਹੜਾ ਸਾਰਾ ਪਾਣੀ ਇਕੱਲਾ ਹਰਿਆਣਾ ਵਰਤਦਾ ਹੈ, ਉਸ ਦੀ ਮਿਣਤੀ ਵੀ ਇਸ ਵਿੱਚ ਕਰਨੀ ਪਊਗੀ। ਬੀਤੇ ਦਿਨੀਂ ਇੱਕ ਵਾਰ ਫਿਰ ਦੋਵਾਂ ਮੁੱਖ ਮੰਤਰੀਆਂ ਦੀ ਮੀਟਿੰਗ ਹੋਈ ਅਤੇ ਇਸ ਵਾਰੀ ਪਾਣੀਆਂ ਬਾਰੇ ਕੇਂਦਰ ਦਾ ਕੈਬਿਨਟ ਮੰਤਰੀ ਵੀ ਉਨ੍ਹਾਂ ਨਾਲ ਆਣ ਬੈਠਾ। ਪੰਜਾਬ ਦੇ ਮੁੱਖ ਮੰਤਰੀ ਨੇ ਇਹ ਗੱਲ ਉਭਾਰ ਦਿੱਤੀ ਕਿ ਸਿਰਫ ਜਮਨਾ ਅਤੇ ਘੱਗਰ ਨਹੀਂ, ਹਰਿਆਣੇ ਵਿੱਚ ਜਿਹੜੇ ਟਾਂਗਰੀ, ਸਰਸਵਤੀ, ਮਾਰਕੰਡਾ, ਚੁਟੰਗ ਰਾਕਸ਼ੀ, ਸਾਹਿਬਾ, ਕ੍ਰਿਸ਼ਨਾ ਤੇ ਲੰਡੋਲਾ ਨਾਲੇ ਵਗਦੇ ਹਨ, ਉਹ ਵੀ ਸਾਂਝੇ ਪੰਜਾਬ ਦੀ ਕੁਦਰਤੀ ਵਿਰਾਸਤ ਹੋਣ ਕਾਰਨ ਇਸ ਦੇ ਨਾਲ ਗਿਣੋ, ਉਨ੍ਹਾਂ ਬਿਨਾਂ ਸਹੀ ਵੰਡ ਨਹੀਂ ਹੋ ਸਕਦੀ। ਇਹ ਮੁੱਦੇ ਹਰਿਆਣੇ ਦੀ ਲੀਡਰਸ਼ਿਪ ਨੂੰ ਅਚੰਭਤ ਕਰਨ ਵਾਲੇ ਹਨ।

ਇਸ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ ਨੇ ਇਹ ਵੀ ਦੱਸ ਦਿੱਤਾ ਕਿ ਅੱਜ ਦਰਿਆਵਾਂ ਵਿੱਚ ਪਾਣੀ ਓਨਾ ਨਹੀਂ ਰਿਹਾ, ਜਿੰਨਾ ਪੰਜਾਬ ਤੋਂ ਹਰਿਆਣਾ ਵੱਖਰਾ ਰਾਜ ਬਣਾਉਣ ਵੇਲੇ ਸੀ ਤੇ ਜਦੋਂ ਪਾਣੀ ਹੀ ਨਹੀਂ ਤਾਂ ਸਤਲੁਜ ਜਮਨਾ ਲਿੰਕ ਨਹਿਰ ਬਣਾਉਣ ਦੀ ਲੋੜ ਕੀ ਰਹਿ ਜਾਂਦੀ ਹੈ! ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਪਾਣੀ ਹੋਣ ਜਾਂ ਨਾ ਹੋਣ ਦੀ ਗੱਲ ਪਿੱਛੋਂ ਵੇਖਾਂਗੇ, ਪਹਿਲਾਂ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਸਤਲੁਜ ਜਮਨਾ ਨਹਿਰ ਬਣਾਉਣੀ ਪੈਣੀ ਹੈ, ਪੰਜਾਬ ਦੇ ਮੁੱਖ ਮੰਤਰੀ ਨੇ ਇਹ ਗੱਲ ਨਹੀਂ ਮੰਨੀ। ਪਾਣੀਆਂ ਬਾਰੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਜੇ ਪੰਜਾਬ ਨੇ ਇਹ ਗੱਲ ਨਾ ਮੰਨੀ ਤਾਂ ਸੁਪਰੀਮ ਕੋਰਟ ਵਿੱਚ ਅਦਾਲਤੀ ਮਾਣਹਾਨੀ ਦਾ ਕੇਸ ਬਣ ਜਾਵੇਗਾ। ਮੁੱਖ ਮੰਤਰੀ ਨੇ ਨਾਲ ਗਏ ਪੰਜਾਬ ਦੇ ਸਿੰਜਾਈ ਵਿਭਾਗ ਦੇ ਸੈਕਟਰੀ ਕ੍ਰਿਸ਼ਨ ਕੁਮਾਰ ਨੂੰ ਕਾਨੂੰਨੀ ਪੱਖ ਦੱਸਣ ਨੂੰ ਕਹਿ ਦਿੱਤਾ। ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਮਾਣਹਾਨੀ ਦਾ ਨਵਾਂ ਕੇਸ ਨਹੀਂ ਬਣ ਸਕਦਾ, ਕਿਉਂਕਿ ਇਹ ਕੇਸ ਪਹਿਲਾਂ ਹੀ ਅਦਾਲਤ ਵਿੱਚ ਹੈ। ਜਦੋਂ ਪ੍ਰਕਾਸ਼ ਸਿੰਘ ਬਾਦਲ ਦਾ ਮੁੱਖ ਮੰਤਰੀ ਵਜੋਂ ਆਖਰੀ ਸਾਲ ਸੀ ਤੇ ਪਾਣੀਆਂ ਬਾਰੇ ਅਦਾਲਤ ਦਾ ਫੈਸਲਾ ਪੰਜਾਬ ਦੇ ਖਿਲਾਫ ਆਇਆ ਸੀ ਤਾਂ ਡੇਰਾ ਸੱਚਾ ਸੌਦਾ ਦੇ ਕੇਸ ਵਿੱਚ ਫਸੀ ਹੋਈ ਅਕਾਲੀ ਸਰਕਾਰ ਨੇ ਨਹਿਰ ਦਾ ਮੁੱਦਾ ਚੁੱਕਿਆ ਤੇ ਸੁਪਰੀਮ ਕੋਰਟ ਦਾ ਫੈਸਲਾ ਨਾ ਮੰਨਣ ਵਾਲਾ ਐਲਾਨ ਕਰ ਦਿੱਤਾ ਸੀ। ਉਦੋਂ ਤੱਕ ਸਤਲੁਜ ਜਮਨਾ ਨਹਿਰ ਜਿੰਨੀ ਕੁ ਬਣ ਚੁੱਕੀ ਸੀ, ਅਕਾਲੀ-ਭਾਜਪਾ ਸਰਕਾਰ ਨੇ ਢਾਹੁਣ ਅਤੇ ਉਹ ਜ਼ਮੀਨਾਂ ਰਾਤੋ-ਰਾਤ ਪੰਜਾਬ ਦੇ ਕਿਸਾਨਾਂ ਦੇ ਨਾਂਅ ਵਾਪਸੀ ਇੰਤਕਾਲ ਕਰਨ ਦਾ ਹੁਕਮ ਦੇ ਦਿੱਤਾ ਸੀ ਤੇ ਏਦਾਂ ਹੁੰਦਾ ਰੋਕਣ ਦੇ ਲਈ ਹਰਿਆਣਾ ਸਰਕਾਰ ਨੇ ਅਗਲੇ ਦਿਨ ਸੁਪਰੀਮ ਕੋਰਟ ਵਿੱਚ ਮਾਣਹਾਨੀ ਦੀ ਅਰਜ਼ੀ ਦੇ ਦਿੱਤੀ ਸੀ। ਇਸ ਅਰਜ਼ੀ ਦੀ ਪੈਰਵਾਈ ਲਈ ਸੋਲਾਂ ਵਕੀਲ ਹਰਿਆਣੇ ਵੱਲੋਂ ਪੇਸ਼ ਹੋਏ ਸਨ। ਉਨ੍ਹਾਂ ਸਾਰੇ ਵਕੀਲਾਂ ਦਾ ਅਗਵਾਨੂੰ ਭਾਰਤ ਦਾ ਅਜੋਕਾ ਉਪ ਰਾਸ਼ਟਰਪਤੀ ਜਗਦੀਪ ਧਨਕੜ ਸੀ ਤੇ ਸੁਪਰੀਮ ਕੋਰਟ ਨੇ ਇਸ ਅਰਜ਼ੀ ਉੱਤੇ ਸਟੇਟਸ-ਕੋ ਦਾ ਆਰਡਰ ਜਾਰੀ ਕੀਤਾ ਸੀ, ਜਿਹੜਾ ਅੱਜ ਤੱਕ ਕਾਇਮ ਹੈ। ਉਸ ਆਰਡਰ ਵਿੱਚ ਸੁਪਰੀਮ ਕੋਰਟ ਨੇ ਸਾਫ ਸ਼ਬਦਾਂ ਵਿੱਚ ਕਿਹਾ ਹੋਇਆ ਹੈ ਕਿ ਇਸ ਕੇਸ ਦਾ ਆਖਰੀ ਫੈਸਲਾ ਹੋਣ ਤੱਕ ਦੋਵਾਂ ਵਿੱਚੋਂ ਕੋਈ ਧਿਰ ਕੋਈ ਕਾਰਵਾਈ ਨਹੀਂ ਕਰੇਗੀ ਤੇ ਇਸ ਅਦਾਲਤੀ ਆਰਡਰ ਦੇ ਕਾਰਨ ਜੇ ਪੰਜਾਬ ਨਹਿਰ ਦੀ ਉਸਾਰੀ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਕੋਈ ਨਵਾਂ ਮਾਣਹਾਨੀ ਕੇਸ ਬਣ ਹੀ ਨਹੀਂ ਸਕਦਾ।

ਰਹੀ ਗੱਲ ਕਾਨੂੰਨੀ ਪੱਖ ਦੀ, ਸਿੰਜਾਈ ਬਾਰੇ ਸੈਕਟਰੀ ਕ੍ਰਿਸ਼ਨ ਕੁਮਾਰ ਨੇ ਦੋ ਹੋਰ ਅਦਾਲਤੀ ਪੇਸ਼ੀਆਂ ਦੇ ਵੇਰਵੇ ਦੱਸ ਕੇ ਸਭ ਨੂੰ ਹੈਰਾਨ ਕਰ ਦਿੱਤਾ। ਬਾਦਲ ਸਰਕਾਰ ਦੌਰਾਨ ਹੋਏ ਸੁਪਰੀਮ ਕੋਰਟ ਦੇ ਹੁਕਮ ਪਿੱਛੋਂ ਅਗਲੀ ਸੁਣਵਾਈ ਸਾਲ 2017 ਵਿੱਚ ਗਿਆਰਾਂ ਜੁਲਾਈ ਨੂੰ ਹੋਈ ਤਾਂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਇਹ ਬਿਆਨ ਸੁਪਰੀਮ ਕੋਰਟ ਵਿੱਚ ਦਿੱਤਾ ਸੀ ਕਿ ਅਸੀਂ ਦੋਵਾਂ ਧਿਰਾਂ ਨਾਲ ਗੱਲ ਕਰ ਕੇ ਕੋਈ ਸਹਿਮਤੀ ਵਾਲਾ ਰਾਹ ਕੱਢਣ ਦੇ ਯਤਨ ਕਰ ਰਹੇ ਹਾਂ ਤੇ ਇਸ ਵਿੱਚ ਕਾਨੂੰਨੀ ਢੰਗ ਨਾਲ ਨਹਿਰ ਜ਼ਰੂਰ ਬਣਾਉਣ ਦੀ ਗੱਲ ਨਹੀਂ ਸੀ ਆਖੀ। ਤੀਸਰੀ ਪੇਸ਼ੀ ਨੌਂ ਜੁਲਾਈ 2019 ਨੂੰ ਹੋਈ ਤਾਂ ਨਰਿੰਦਰ ਮੋਦੀ ਸਰਕਾਰ ਨੇ ਇਹ ਕਿਹਾ ਸੀ ਕਿ 'ਜੇ (ਸੁਪਰੀਮ ਕੋਰਟ ਵੱਲੋਂ ਦਿੱਤਾ) ਹੁਕਮ ਲਾਗੂ ਕਰਨਾ ਸੰਭਵ ਨਹੀਂ ਹੁੰਦਾ ਤਾਂ ਹਰਿਆਣਾ ਤੇ ਰਾਜਸਥਾਨ ਦੋਵਾਂ ਰਾਜਾਂ ਦੀ ਲੋੜ ਪੂਰੀ ਕਰਨ ਲਈ ਭਾਰਤ ਸਰਕਾਰ ਕੁਝ ਬਦਲ ਪੇਸ਼ ਕਰ ਸਕਦੀ ਹੈ।' ਉਨ੍ਹਾਂ ਇਹ ਵੀ ਚੇਤੇ ਕਰਾਇਆ ਕਿ ਭਾਰਤ-ਪਾਕਿ ਵੰਡ ਵੇਲੇ ਕਿਹਾ ਗਿਆ ਸੀ ਕਿ ਪੰਜਾਬ ਲਈ ਚਿਨਾਬ ਦਾ ਪਾਣੀ ਏਧਰ ਮੋੜਨ ਲਈ ਸੁਰੰਗ ਬਣਾਉਣ ਦਾ ਕੰਮ ਕਰਾਇਆ ਜਾਵੇਗਾ, ਜਿਸ ਦਾ ਜ਼ਿਕਰ ਰਾਵੀ-ਬਿਆਸ ਪਾਣੀਆਂ ਦੇ ਬਾਰੇ 22 ਅਪਰੈਲ 2022 ਨੂੰ ਭਾਰਤ ਸਰਕਾਰ ਵੱਲੋਂ ਬਣਾਏ ਗਏ ਟ੍ਰਿਬਿਊਨਲ ਵਿੱਚ ਹੈ, ਉਹਨੂੰ ਸਮਝਣ ਲਈ ਸਿੰਧ ਦੇ ਪਾਣੀਆਂ ਬਾਰੇ ਭਾਰਤ-ਪਾਕਿ ਸਮਝੌਤੇ ਨੂੰ ਮੁੜ ਕੇ ਵੇਖ ਲੈਣਾ ਚਾਹੀਦਾ ਹੈ। ਇਹ ਵੀ ਬਹੁਤ ਅਹਿਮ ਤੱਥ ਸੀ।

ਅਸੀਂ ਇਹ ਨਹੀਂ ਕਹਿ ਸਕਦੇ ਕਿ ਇਸ ਬੈਠਕ ਮਗਰੋਂ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਜਿੱਦਾਂ ਨਾਰਾਜ਼ਗੀ ਦਿਖਾਈ ਹੈ, ਉਸ ਪਿੱਛੋਂ ਸੁਪਰੀਮ ਕੋਰਟ ਵਿੱਚ ਕੀ ਕਰਨਗੇ, ਪਰ ਇੱਕ ਗੱਲ ਪੱਕੀ ਹੈ ਕਿ ਇਸ ਮਾਮਲੇ ਵਿੱਚ ਜਿਹੜੇ ਮੁੱਦੇ ਪੰਜਾਬ ਦੀ ਅ

ਕਵਿਤਾ ਮਨ ਵਿੱਚ ਬਿਨਾਂ ਐਲਾਨ ਕੀਤਿਆਂ ਆਉਂਦੀ ਹੈ ਸੌਗਾਤ ਵਾਂਗ।
ਕਵੀ ਦੀ ਦੁਨੀਆ 'ਤੇ ਕਰੜੇ ਨਿਯਮ ਲਾਗੂ ਨਹੀਂ ਹੋ ਸਕਦੇ।
-ਰਸੂਲ ਹਮਜ਼ਾਤੋਵ

2023 ਦੀ ਚੋਣਵੀਂ ਕਵਿਤਾ

ਮਾਨਵੀ ਸੰਕਟਾਂ ਅੰਦਰਲੀ ਬੇਤਰਤੀਬੀ ਦਾ ਕਾਵਿਕ ਵਹਾਅ

ਅਰਵਿੰਦਰ ਕੌਰ ਕਾਕੜਾ

ਕਵਿਤਾ ਮਨੁੱਖ ਦੇ ਭਾਵਾਂ ਤੇ ਵਿਚਾਰਾਂ ਨੂੰ ਚਿਤਰਮਾਨ ਨਹੀਂ ਕਰਦੀ, ਬਲਕਿ ਉਹ ਕੈਨਵਸ ਵੀ ਉਲੀਕਦੀ ਹੈ, ਜਿਸ ਵਿੱਚ ਮਨੁੱਖੀ ਸੋਚ ਉਤਪੰਨ ਹੁੰਦੀ ਹੈ। ਕਵਿਤਾ ਦੁੱਖ-ਸੁੱਖ, ਆਨੰਦ, ਪਿਆਰ-ਮੁਹੱਬਤ, ਵੈਰ-ਵਿਰੋਧ, ਨਫਰਤ ਦੇ ਅੰਸ਼ਾਂ ਤੱਕ ਸੀਮਤ ਨਹੀਂ, ਬਲਕਿ ਇਹ ਦੁਖੀ, ਸੁਖੀ, ਸੋਗੀ, ਆਨੰਦਿਤ, ਮੁਹੱਬਤੀ ਤੇ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੰਕਟਾਂ ਦੀ ਪੇਸ਼ਕਾਰੀ ਵੀ ਕਰਦੀ ਹੈ। ਕਵਿਤਾ ਦੀ ਪੜ੍ਹਤ ਸਮੇਂ ਕਵੀ ਦੀ ਸੋਚ ਸ਼ਕਤੀ, ਅਨੁਭਵ ਸ਼ਕਤੀ ਤੇ ਕਾਰਜ ਸ਼ਕਤੀ ਦੇ ਅੰਤਰ ਸੰਬੰਧਾਂ ਨੂੰ ਵੇਖਣਾ ਵੀ ਲਾਜ਼ਮੀ ਹੈ। ਕਾਵਿ-ਸਿਰਜਨਾ ਮਨੁੱਖ ਅੰਦਰਲੇ ਤੇ ਬਾਹਰਲੇ ਸੰਸਾਰ ਦੀ ਠੋਸ ਹਕੀਕਤ ਨੂੰ ਪਛਾਣਦੀ, ਸਮਝਦੀ ਤੇ ਪ੍ਰਗਟਾਉਂਦੀ ਹੈ। ਕਵਿਤਾ ਸਿਰਫ ਨਿੱਜੀ ਪ੍ਰਗਟਾਵਾ ਨਹੀਂ ਹੁੰਦੀ, ਬਲਕਿ ਸਮੂਹਿਕ ਜੀਵਨ ਦੀ ਰਚਨਾ ਵੀ ਬਣਦੀ ਹੈ। ਇਹ ਸਾਹਿਤ ਵਿੱਚ ਸਭ ਤੋਂ ਜ਼ਿਆਦਾ ਲਿਖੀ ਜਾਣ ਵਾਲੀ ਵਿਧਾ ਹੈ, ਜਿਸ ਦਾ ਸੰਕੇਤ ਹਰ ਸਾਲ ਛਪ ਰਹੀਆਂ ਕਾਵਿ ਪੁਸਤਕਾਂ ਵੀ ਦੱਸ ਜਾਂਦੀਆਂ ਹਨ। ਇੱਥੇ ਵੇਖਣਾ ਜ਼ਰੂਰੀ ਬਣ ਜਾਂਦਾ ਹੈ ਕਿ ਕਾਵਿ ਕੈਨਵਸ ਅੰਦਰਲਾ ਗਿਣਾਤਮਕ ਵਾਧਾ ਕਵਿਤਾ ਵਿਚਲੀ ਗੁਣਾਤਮਿਕਤਾ ਨਾਲ ਕਿੱਥੋਂ ਤੱਕ ਮੇਲ ਖਾਂਦਾ ਹੈ। ਕਵਿਤਾ ਅੰਦਰਲੀ ਸੂਖਮਤਾ ਕਿਸ ਪੱਧਰ ਤੱਕ ਜਾਗਦੀ ਹੋਈ ਪਾਠਕਾਂ ਨਾਲ ਗਹਿਰੀ ਸਾਂਝ ਪਾਉਂਦੀ ਪਾਠਕ ਦੀ ਸੁਹਜ ਤ੍ਰਿਪਤੀ ਤੇ ਸਮਾਜ ਅੰਦਰ ਤੇ ਬਾਹਰ ਵਾਪਰ ਰਹੇ ਵਰਤਾਰੇ ਨੂੰ ਕਿਸ ਪੱਧਰ ਤੱਕ ਚਿਤਰਦੀ ਹੈ। ਇਸ ਲਈ ਕਵਿਤਾ ਦਾ ਮੁਲਾਂਕਣ ਕਰਦਿਆਂ ਚੰਗੀ ਕਵਿਤਾ ਦੀ ਤਲਾਸ਼ ਕਰਨਾ ਜ਼ਰੂਰੀ ਬਣ ਜਾਂਦਾ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਵਿਤਾ ਦਾ ਵਿਸਥਾਰ ਜਿੰਨਾ ਮਰਜ਼ੀ ਹੋਵੇ, ਪਰ ਕਵਿਤਾ ਅੰਦਰਲੀ ਸ਼ਾਇਰੀ ਨਾਲ ਹੀ ਇਨਸਾਫ ਕਰਦੀਆਂ ਰਚਨਾਵਾਂ ਅਮਰ ਹੁੰਦੀਆਂ ਹਨ। ਅਜਿਹੀ ਮਿਆਰੀ ਸ਼ਾਇਰੀ ਕਾਵਿ ਵਸਤੂ ਤੇ ਸੁਹਜ ਭਰਪੂਰ ਕਾਵਿਕਤਾ ਨਾਲ ਗਹਿਰੀ ਸਾਂਝ ਬਣਾਉਂਦੀ ਹੈ। ਅੱਜ ਲਿਖੀ ਜਾ ਰਹੀ ਕਵਿਤਾ ਵਿੱਚੋਂ ਇਹ ਕੁਝ ਲੱਭਣਾ ਜ਼ਰੂਰੀ ਬਣ ਜਾਂਦਾ ਹੈ। ਜਦੋਂ 2023 ਦੀ ਪੰਜਾਬੀ ਕਵਿਤਾ ਦੀ ਗੱਲ ਕਰਦੇ ਹਾਂ ਤਾਂ ਇਸ ਵਰ੍ਹੇ ਆਈ ਕਵਿਤਾ ਸਮਕਾਲ ਦਾ ਹੀ ਹਿੱਸਾ ਹੈ। ਇਸ ਕਵਿਤਾ ਵਿਚਲੇ ਸਰੋਕਾਰ ਜ਼ਰੂਰੀ ਨਹੀਂ ਇਸੇ ਸਾਲ ਨਾਲ ਸੰਬੰਧਤ ਹੋਣ, ਪਰ ਕਿਤਾਬੀ ਰੂਪ ਵਿੱਚ ਸਾਕਾਰਿਤ ਹੋਣ ਦਾ ਸੰਬੰਧ ਜ਼ਰੂਰ ਬਣਦਾ ਹੈ, ਪਰ ਫੇਰ ਵੀ ਇਸ ਦਾ ਮੁਲਾਂਕਣ ਇਸ ਵਰ੍ਹੇ ਦੇ ਚੌਖਟੇ ਵਿੱਚ ਰੱਖ ਕੇ ਕਰਨਾ ਬਣਦਾ ਹੈ ਕਿ ਮਾਨਵੀ ਸੰਕਟਾਂ ਦੀ ਅੰਦਰਲੀ ਬੇਤਰਤੀਬੀ ਵਿੱਚ ਕਵਿਤਾ ਦੀ ਕੀ ਦਸ਼ਾ ਹੈ। ਇਸ ਵਰ੍ਹੇ ਦੀ ਕਵਿਤਾ ਵਿੱਚੋਂ ਲੰਘਦੇ ਹਾਂ ਤਾਂ ਇਸ ਦੀ ਪੁਸਤਕਾਂ, ਅਖਬਾਰਾਂ, ਮੈਗਜ਼ੀਨਾਂ, ਸੋਸ਼ਲ ਮੀਡੀਆ ਤੇ ਮੁਸ਼ਾਇਰਿਆਂ ਵਿੱਚ ਹਾਜ਼ਰੀ ਲੱਗਦੀ ਰਹੀ। ਇਸ ਸੀਮਤ ਜਿਹੇ ਆਰਟੀਕਲ ਵਿੱਚ ਸਮੁੱਚੀ ਕਵਿਤਾ ਅੰਦਰਲੀ ਸੁਰ ਦੀ ਪਹਿਚਾਣ ਕਰਦਿਆਂ ਪ੍ਰਾਪਤ ਹੋਈਆਂ ਪੁਸਤਕਾਂ ਨੂੰ ਸਮੇਟਣ ਦੀ ਕੋਸ਼ਿਸ਼ ਰਹੇਗੀ। ਅੱਜ ਕਾਵਿ ਪੁਸਤਕਾਂ ਧੜਾਧੜ ਛਪ ਰਹੀਆਂ ਹਨ। ਜੋ ਕਵਿਤਾ ਇਸ ਵਰ੍ਹੇ ਛਪ ਕੇ ਪਾਠਕਾਂ ਸਾਹਮਣੇ ਆਈ, ਉਸ ਲਈ ਸਾਰੇ ਕਵੀ ਮੁਬਾਰਕਬਾਦ ਹਨ ਕਿ ਉਨ੍ਹਾਂ ਨੇ ਸਾਹਿਤ ਵਿੱਚ ਕਵਿਤਾ ਦੇ ਦਾਇਰੇ ਨੂੰ ਵੱਡਾ ਕੀਤਾ। ਵੇਖਣਾ ਇਹ ਜ਼ਰੂਰੀ ਹੈ ਕਿ ਆਈਆਂ ਪੁਸਤਕਾਂ ਵਿੱਚ ਕਾਵਿ ਦਾ ਵਾਸਾ ਕਿਸ ਪੱਧਰ ਦਾ ਹੈ। ਬਹੁਤੀ ਵਾਰ ਪੁਸਤਕ ਛਪਵਾਉਣ ਦੀ ਕਾਹਲ ਕਵਿਤਾ ਦੇ ਅਸਲ ਤੱਤ ਨੂੰ ਖੋਰ ਦਿੰਦੀ ਹੈ। ਕਵੀ ਨੂੰ ਆਪਣੀ ਪੁਸਤਕ ਛਪਾਉਣ ਤੋਂ ਪਹਿਲਾਂ ਉਸ ਕਵਿਤਾ ਬਾਰੇ ਸੰਜੀਦਗੀ ਨਾਲ ਪੇਸ਼ ਹੁੰਦਿਆਂ ਕਵਿਤਾ ਦੀ ਸੁਰ, ਕਾਵਿਕਤਾ ਤੇ ਇਸ ਦੇ ਪ੍ਰਯੋਜਨ ਬਾਰੇ ਸਪੱਸ਼ਟਤਾ ਹੋਣੀ ਜ਼ਰੂਰੀ ਹੈ ਤਾਂ ਕਿ ਪੁਸਤਕ ਪਾਠਕਾਂ ਦੇ ਰੂਬਰੂ ਹੋ ਕੇ ਇੱਕ ਸਾਂਝ ਸਥਾਪਤ ਕਰ ਸਕੇ। ਇਸ ਸੁਆਲ ਦੇ ਸਨਮੁੱਖ ਕਵੀ ਨੂੰ ਪੁਸਤਕ ਛਪਵਾਉਣ ਤੋਂ ਪਹਿਲਾਂ ਹੋਣਾ ਚਾਹੀਦਾ ਹੈ। ਅਸੀਂ ਕਵਿਤਾ ਕਿਉਂ ਲਿਖਦੇ ਹਾਂ, ਕਿਸ ਵਾਸਤੇ ਲਿਖਦੇ ਹਾਂ ਤੇ ਕਵਿਤਾ ਦੀ ਕੀ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ। ਕਈ ਵਾਰ ਕਵਿਤਾ ਸਿਰਫ ਕਵੀ ਦੁਆਲੇ ਘੁੰਮਦੀ ਹੈ ਤੇ ਕਈ ਵਾਰ ਕਵਿਤਾ ਬੌਧਿਕਤਾ ਦਾ ਸ਼ਿਕਾਰ ਬਣ ਸਿਰਫ ਆਲੋਚਕਾਂ ਤੱਕ ਸੀਮਤ ਰਹਿ ਜਾਂਦੀ ਹੈ। ਅਜਿਹੀ ਕਵਿਤਾ ਵੀ ਪਾਠਕਾਂ ਦੇ ਨੇੜੇ ਨਹੀਂ ਜਾਂਦੀ ਤੇ ਪਾਠਕ ਕਵਿਤਾ ਤੋਂ ਦੂਰ ਹੋ ਜਾਂਦੇ ਹਨ। ਇਹ ਉਲਾਂਭਾ ਆਮ ਸੁਣਨ ਨੂੰ ਮਿਲਦਾ ਹੈ ਕਿ ਲੋਕ ਕਵਿਤਾ ਨਹੀਂ ਪੜ੍ਹਦੇ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਚੰਗੀ ਕਵਿਤਾ ਆਪਣੇ ਪਾਠਕ ਆਪ ਪੈਦਾ ਕਰਦੀ ਹੈ। ਇਸ ਲਈ ਕਵਿਤਾ ਵਿੱਚੋਂ ਲੰਘਦਿਆਂ ਇਹ ਸੁਆਲ ਨਾਲ-ਨਾਲ ਚੱਲਦਾ ਹੈ ਕਿ ਕਵਿਤਾ ਸਮੇਂ, ਸਥਿਤੀ, ਸਥਾਨ ਦੇ ਨਾਲ ਕੀ ਇਨਸਾਫ ਕਰ ਰਹੀ ਹੈ। 2023 ਦੀ ਕਵਿਤਾ ਦੀਆਂ ਕਿਤਾਬਾਂ ਦੀ ਛਪਣ ਗਿਣਤੀ ਵਿਚ ਅਥਾਹ ਵਾਧਾ ਦਰਜ ਹੋਇਆ ਹੈ। ਇਸ ਵਰ੍ਹੇ ਦੀ ਕਵਿਤਾ ਨਾਲ ਗੱਲਾਂ ਕਰਦਿਆਂ ਕੁੱਝ ਮਹੱਤਵਪੂਰਨ ਨੁਕਤੇ ਸਾਹਮਣੇ ਆਏ ਹਨ।

ਇਸ ਕਵਿਤਾ ਵਿਚਲੇ ਕਾਵਿ ਉਚਾਰ ਕਿਸੇ ਇੱਕ ਵਿਚਾਰਧਾਰਾ ਦੇ ਹਮਾਇਤੀ ਨਾ ਬਣਦੇ ਹੋਏ ਵੱਖੋ-ਵੱਖਰੇ ਪ੍ਰਵਚਨ ਉਭਾਰਦੇ ਦਿਖੇ। ਇਸ ਵਰ੍ਹੇ ਦੀ ਕਵਿਤਾ ਅੰਦਰਲੀ ਕਸ਼ਮਕਸ਼ ਜ਼ਿਆਦਾਤਰ ਮਨੋਬਚਨੀ ਵਹਾਅ ਵੱਲ ਲਹਿ ਗਈ। ਕਵਿਤਾ ਅੰਦਰ ਪ੍ਰਤੀਰੋਧੀ ਧੁਨੀ ਧੀਮੀ ਜਾਪਦੀ ਲੱਗੀ। ਜਿਨ੍ਹਾਂ ਸੁਆਲਾਂ ਨਾਲ ਕਵਿਤਾ ਨੇ ਜੂਝਣਾ ਸੀ, ਉਹ ਜ਼ਿਆਦਾਤਰ ਕਵਿਤਾ ਵਿੱਚੋਂ ਮਨਫੀ ਹੋ ਗਏ ਤੇ ਇਹ ਰੁਟੀਨਵਾਦ ਦੇ ਚੱਕਰਵਿਊ ਵਿੱਚ ਲਿਪਟੀ ਹੋਈ ਜਾਪੀ।

ਸੋਸ਼ਲ ਮੀਡੀਆ 'ਤੇ ਆਈ ਕਵਿਤਾ ਦਾ ਭਾਰੂ ਪੱਖ ਕੱਚਘਰੜ ਕਵਿਤਾਵਾਂ ਦਾ ਰਿਹਾ। ਛੇਤੀ-ਛੇਤੀ ਚਮਕ ਜਾਣ ਦੀ ਲਲਕ ਕਵਿਤਾ ਦਾ ਕਾਫੀ ਨੁਕਸਾਨ ਕਰ ਰਹੀ ਹੈ। ਇਸ ਤਰ੍ਹਾਂ ਕਾਵਿ ਸਮਰੱਥਾ ਪੈਦਾ ਕਰਨਾ ਅਤੇ ਮਿਹਨਤ ਨਾਲ ਕਵਿਤਾ ਨਿਖਾਰਨ ਦੀ ਪ੍ਰਵਿਰਤੀ ਨੂੰ ਢਾਹ ਲੱਗੀ। ਸੋਸ਼ਲ ਮੀਡੀਆ ਨੇ ਜਿੱਥੇ ਕਵਿਤਾ ਦੀ ਥਾਂ ਅਕਵਿਤਾ ਨੂੰ ਕਵਿਤਾ ਕਹਿ ਕੇ ਅਜਿਹਾ ਭਰਮ ਸਿਰਜਿਆ ਹੈ ਤੇ ਅਜਿਹੀ ਕਵਿਤਾ ਦੀ ਭਰਮਾਰ ਨੇ ਪਰਿਪੱਕ ਕਵਿਤਾ ਨੂੰ ਵੀ ਕਾਫੀ ਹੱਦ ਤੱਕ ਰੋਲ ਦਿੱਤਾ ਹੈ ਪਰ ਫੇਰ ਵੀ ਕਿਤੇ ਟਾਂਵੇਂ-ਟਾਂਵੇਂ ਝਲਕਾਰੇ ਮੁੱਲਵਾਨ ਕਵਿਤਾ ਦੇ ਪੈਂਦੇ ਰਹੇ ਤੇ ਜਿਉਂਦੀ ਕਵਿਤਾ ਦੀ ਉਮੀਦ ਜਾਗਦੀ ਰਹੀ। ਇਸ ਸੋਸ਼ਲ ਮੀਡੀਆ ਨੇ ਕਵਿਤਾ ਨੂੰ ਛੇਤੀ ਤੇ ਸੌਖੇ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ, ਪਰ ਕਵਿਤਾ ਵਿਚਲੀ ਅਸਲ ਗੰਭੀਰਤਾ ਨੂੰ ਅਣਗੌਲਿਆ ਕਰ ਦਿੱਤਾ ਹੈ। ਇੱਥੋਂ ਇਹ ਲੱਗਦਾ ਹੁਣ ਕਵਿਤਾ ਲਿਖਣਾ ਆਮ ਜਿਹੀ ਗੱਲ ਬਣ ਗਈ ਹੈ। ਸੋਸ਼ਲ ਮੀਡੀਆ ਕਵਿਤਾ ਬਾਰੇ ਬਹੁਤ ਗੰਭੀਰ ਚਰਚਾ ਕਰਨ ਦਾ ਢੁੱਕਵਾਂ ਪਲੇਟਫਾਰਮ ਨਹੀਂ ਹੈ। ਕਵਿਤਾ ਦੀ ਆਮਦ ਕਈ ਸਾਧਨਾਂ ਰਾਹੀਂ ਹੋਈ। ਬਹੁਤ ਸਾਰੇ ਅਜਿਹੇ ਸਿਰਜਕ ਵੀ ਹਨ, ਜਿਨ੍ਹਾਂ ਦੀ ਇਸ ਸਾਲ ਕਾਵਿ ਪੁਸਤਕ ਨਹੀਂ ਆਈ, ਪਰ ਅਖਬਾਰਾਂ, ਮੈਗਜ਼ੀਨਾਂ ਵਿੱਚ ਛਪ ਰਹੀਆਂ ਉਨ੍ਹਾਂ ਦੀਆਂ ਪਾਏਦਾਰ ਕਵਿਤਾਵਾਂ ਆਪਣੀ ਸਪੇਸ ਲੈਂਦੀਆਂ ਰਹੀਆਂ। ਇਸ ਵਰ੍ਹੇ ਕੁਝ ਮੁਸ਼ਾਇਰਿਆਂ ਵਿੱਚ ਨਵੇਂ ਨੌਜਵਾਨ ਚਿਹਰਿਆਂ ਦੀ ਆਮਦ ਨੇ ਚੰਗਾ ਸੁਨੇਹਾ ਦਿੱਤਾ ਹੈ ਕਿ ਉਨ੍ਹਾਂ ਕੋਲ ਵਿਸ਼ਾਲ ਪਹੁੰਚ ਤੇ ਵਿਸ਼ਵੀ ਸਰੋਕਾਰ ਨਾਲ ਲਬਰੇਜ ਕਵਿਤਾ ਹੈ। ਕਵਿਤਾ ਘਟਨਾਵਾਂ ਦੀ ਸੂਚਨਾ ਹੀ ਨਹੀਂ ਹੁੰਦੀ, ਬਲਕਿ ਇਸ ਨੇ ਵਰਤਾਰਿਆਂ ਦੇ ਸਨਮੁੱਖ ਹੋ ਕੇ ਆਪਣਾ ਕਾਵਿ-ਪ੍ਰਵਚਨ ਉਸਾਰਨਾ ਹੁੰਦਾ ਹੈ। ਇਸ ਬੇਤਰਤੀਬੀ ਦੌਰ 'ਚ ਕਵਿਤਾ ਦੀ ਪ੍ਰਸੰਗਿਕਤਾ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਇਹ ਜੀਵਨ ਦੇ ਤੱਥਾਂ ਦਾ ਰੂਪਕ ਸਿਰਜਣਾ ਹੁੰਦੀ ਹੈ।

ਇਸ ਵਰ੍ਹੇ ਕਵਿਤਾ ਦੇ ਕਈ ਪਾਸਾਰ ਸਾਹਮਣੇ ਆਏ, ਜਿਵੇਂ ਸਮਕਾਲੀ/ਤਤਕਾਲੀ ਸਥਿਤੀ ਬਾਰੇ ਪ੍ਰਤੀਕਰਮ ਦਿੰਦੀ ਕਵਿਤਾ, ਜੀਵਨ ਦੇ ਅਨੁਭਵਾਂ ਨੂੰ ਇਸ਼ਾਰਿਆਂ ਅਤੇ ਰਮਜ਼ਾਂ ਨੂੰ ਪ੍ਰਗਟ ਕਰਦੀ ਕਵਿਤਾ, ਚੌਗਿਰਦੇ ਵਿੱਚੋਂ ਮੁਹੱਬਤੀ ਅੰਸ਼ਾਂ ਦੀ ਤਲਾਸ਼ ਕਰ ਪ੍ਰਕਿਰਤੀ ਨਾਲ ਅਭੇਦ ਹੋ ਕੇ ਅੰਤਰਮੁੱਖਤਾ ਵੱਲ ਮੁੜਦੀ ਕਵਿਤਾ, ਨਾਰੀ ਸੰਵੇਦਨਾ ਦਾ ਪ੍ਰਗਟਾਵਾ ਕਰਦੀ ਕਵਿਤਾ, ਤ੍ਰੈਕਾਲੀ ਸੰਵਾਦ ਰਚਾਉਂਦੀ ਗਤੀਸ਼ੀਲਤਾ ਦਾ ਮੈਟਾਫਰ ਸਿਰਜਦੀ ਕਵਿਤਾ ਤੇ ਅਤੀਤਮੁਖੀ ਮੋਹ ਦੀ ਕਵਿਤਾ ਆਦਿ। ਇਸ ਵਰ੍ਹੇ ਕਵਿਤਾ ਦਾ ਝੁਕਾਅ ਧਾਰਮਿਕ ਅਧਿਆਤਮਿਕਤਾ ਵੱਲ ਵੀ ਝੁਕਿਆ। ਇਸ ਕਵਿਤਾ ਦੀ ਧਿਰ ਇਤਿਹਾਸਕ ਮੁਕਤ ਹੋ ਅਦ੍ਰਿਸ਼ਟ ਸ਼ਕਤੀ ਦੀ ਭਾਲ ਕਰਦੀ ਰਹੀ। ਇਹ ਠਹਿਰੀ ਹੋਈ ਬੌਧਿਕਤਾ ਦਾ ਪ੍ਰਗਟਾਵਾ ਬਣ ਕੇ ਸਿਰਫ ਸਿਲਪੀ ਜੁਗਤਾਂ ਕਵਿਤਾ ਵਿੱਚ ਨਵੀਨਤਾ ਦਾ ਭਰਮ ਪੈਦਾ ਕਰਦੀ ਰਹੀ।

ਅੱਜ ਜਦੋਂ ਦੇਸ਼ ਅੰਦਰ ਫਿਰਕੂ ਕੱਟੜਤਾ ਜਮਹੂਰੀ ਸਪੇਸ ਖਤਮ ਕੀਤੀ ਜਾ ਰਹੀ ਹੈ। ਇੱਕ ਧਰਮ, ਇੱਕ ਮੰਡੀ, ਇੱਕ ਸੱਭਿਆਚਾਰ, ਇੱਕ ਭਾਸ਼ਾ, ਇੱਕ ਜੀਵਨ-ਜਾਚ, ਇੱਕ ਨੇਤਾ ਦੇ ਰੂਪ ਵਿੱਚ ਇਕਾਤਮਕ ਤੇ ਧਰਮਤੰਤਰੀ ਪ੍ਰਬੰਧ ਸਿਰਜਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਦੇਸ਼ ਵਿੱਚ ਸੱਚ ਬੋਲਣ, ਆਪਣੇ ਲੋਕਪੱਖੀ ਵਿਚਾਰ ਪ੍ਰਗਟ ਕਰਨ ਤੇ ਸਥਾਪਤੀ ਦਾ ਵਿਰੋਧ ਕਰਨ ਦੇ ਅਧਿਕਾਰ 'ਤੇ ਹੱਲਾ ਲਗਾਤਾਰ ਹੋ ਰਿਹਾ ਹੈ। ਕੇਂਦਰੀ ਏਜੰਸੀਆਂ ਨੂੰ ਖੁੱਲ੍ਹੇ ਅਧਿਕਾਰ ਦਿੱਤੇ ਗਏ ਨੇ। ਉਹ ਕਿਸੇ ਨੂੰ ਵੀ ਫੜ ਕੇ ਅੰਦਰ ਕਰ ਸਕਦੀਆਂ ਨੇ। ਸੋਸ਼ਲ ਮੀਡੀਆ 'ਤੇ ਵੀ ਜੇਕਰ ਕੋਈ ਕੇਂਦਰੀ ਸੱਤਾ ਦਾ ਵਿਰੋਧ ਕਰਦਾ ਤਾਂ ਉਸ ਨੂੰ ਵੀ ਜੇਲ੍ਹ ਦੇਖਣੀ ਪਵੇਗੀ। ਪਹਿਲਾਂ ਹੀ ਜਾਗਦੀਆਂ ਕਲਮਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੰਜਾਬੀ ਕਵਿਤਾ ਬਾਰੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਇਹ ਅਨਿਆਂ ਦੇ ਵਿਰੁੱਧ ਆਵਾਜ਼ ਬਣਦੀ ਨਾਬਰੀ ਦੀ ਕਵਿਤਾ ਰਹੀ ਹੈ।

ਏਸੇ ਲੀਹ 'ਤੇ ਤੁਰਦਾ ਕਵੀ ਸ਼ਬਦੀਸ਼ ਆਪਣੀ ਕਾਵਿ ਪੁਸਤਕ 'ਕਿਉਂ ਸੁਣਾਵਾਂ ਫੈਸਲਾ' ਲੈ ਕੇ ਪਾਠਕਾਂ ਦੇ ਰੂਬਰੂ ਹੁੰਦਾ ਹੈ। ਇਸ ਕਵਿਤਾ ਦਾ ਪਾਤਰ ਆਲੇ-ਦੁਆਲੇ ਪ੍ਰਤੀ ਸੁਚੇਤ ਹੈ। ਉਹ ਖੇਤਰੀ ਪੱਧਰ ਤੋਂ ਵਿਸ਼ਵੀ ਪੱਧਰ ਤੱਕ ਜੋ ਕੁਝ ਵਾਪਰ ਰਿਹਾ, ਉਸ ਪਿਛਲੀਆਂ ਸ਼ਕਤੀਆਂ ਦੀਆਂ ਬਹੁਪਰਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਕਿਰਤ ਵਰਗ ਦੀ ਹੋ ਰਹੀ ਲੁੱਟ-ਖਸੁੱਟ ਉਸ ਲਈ ਫਿਕਰਮੰਦੀ ਦੇ ਤੌਰ 'ਤੇ ਉੱਘੜਦੀ ਹੈ। ਇਹ ਕਵਿਤਾ ਸਥਾਪਤੀ ਸਾਹਵੇਂ ਲੀਕ ਖਿੱਚ ਕੇ ਤੁਰਦੀ ਹੋਈ ਹਾਕਮ ਲਈ ਵੰਗਾਰ ਬਣਦੀ ਹੈ। ਜਮਹੂਰੀਅਤ ਦਾ ਘਾਣ ਕਰਨ ਵਾਲੇ ਵਰਤਾਰੇ ਪ੍ਰਤੀ ਕਵੀ ਅੰਦਰ ਗਹਿਰਾ ਰੋਹ ਹੈ। ਉਹ ਸੱਤਾ ਦੇ ਦਮਨ ਨੂੰ ਚੁੱਪ-ਚਾਪ ਸਹਿਣ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਇਹ ਕਵਿਤਾ ਅਜਿਹੇ ਦੌਰ 'ਚ ਅਜਿਹੇ ਸਿਆਸੀ ਰੁਝਾਨਾਂ ਤੋਂ ਪ੍ਰਭਾਵਿਤ ਮਨੁੱਖ ਦੀਆਂ ਅੰਦਰਲੀਆਂ ਤੇ ਬਾਹਰਲੀਆਂ ਵਿਰੋਧਾਈਆਂ ਨੂੰ ਵਿਚਾਰਧਾਰਕ ਦ੍ਰਿਸ਼ਟੀ ਤੋਂ ਵਾਚਦੀ ਆਪਣਾ ਮੁਹਾਂਦਰਾ ਸਿਰਜਦੀ ਹੈ। ਕਵਿਤਾ ਵਿਚਲਾ ਪਾਤਰ ਮੁਲਕ ਵਿੱਚ ਵਾਪਰੀਆਂ ਘਟਨਾਵਾਂ ਪ੍ਰਤੀ ਚਿੰਤਤ ਹੈ ਕਿ ਜਮਾਤੀ ਸਮਾਜ ਅੰਦਰ ਸੱਤਾਧਾਰੀ ਜਮਾਤ ਸ਼ੁਰੂ ਤੋਂ ਹੀ ਲੋਕਾਂ ਉੱਪਰ ਹਿੰਸਾ, ਦਮਨ ਤੇ ਬੇਇਨਸਾਫੀਆਂ ਕਰ ਰਹੀ ਹੈ। ਲੋਕਾਂ ਦੀ ਆਜ਼ਾਦੀ ਖੋਹਣ ਵਾਲਿਆਂ ਨੂੰ ਬਰਾਬਰ ਟੱਕਰਦੀ ਹਾਕਮ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਅੜਨ ਦਾ ਵਲ ਜਾਣਦੀ ਇਹ ਕਵਿਤਾ ਆਪਣਾ ਜੁਝਾਰੂ ਪੈਂਤੜਾ ਤੈਅ ਕਰਦੀ ਹੈ।

ਮੇਰਾ ਹਰ ਰਸਤਾ ਖੋਹਣ ਵਾਲਿਓ..!
ਮਚਾ ਸਕਦੇ ਹੋ ਤੁਸੀਂ
ਮਚਾ ਦਿਓ, ਸਭ ਚਿਨਾਰ....
ਪਹਾੜ ਦਾ ਕੀ ਕਰੋਗੇ.. ?
ਇਹਨੇ ਤਾਂ ਸਮਤਲ ਨਹੀਂ ਹੋਣਾ
ਬਾਰੂਦੀ ਬਾਰਿਸ਼ ਨਾਲ
ਭਲਕ ਨੂੰ ਹੋਰ ਉੱਗਣਗੇ ਚਿਨਾਰ
ਇਸ ਪਹਾੜ 'ਤੇ
ਬੀਜਾਂ ਅੰਦਰ ਧੜਕਦੇ
ਬਿਰਖਾਂ ਨੂੰ ਉੱਗਣੋਂ ਕੌਣ ਰੋਕੇਗਾ..?
ਕਿੰਨਾ ਸਖਤ ਹੈ ਮੱਥਾ ਪਹਾੜ ਦਾ..?
ਹਾਲੇ ਵੀ ਇਲਮ ਨਹੀਂ...?

ਇਸੇ ਹੀ ਪ੍ਰਸੰਗ ਵਿੱਚ ਨਵਤੇਜ ਗੜ੍ਹਦੀਵਾਲਾ ਦੀ ਕਵਿਤਾ 'ਅੰਮ੍ਰਿਤ ਕਾਲ ਤੱਕ' ਧਰਮ ਤੇ ਜਾਤ ਨੂੰ ਵਰਤਣ ਦੀਆਂ ਕੂਟਨੀਤੀਆਂ ਅੰਦਰ ਪਿਸ ਰਹੀ ਲੁਕਾਈ ਦੀਆਂ ਤੈਹਾਂ ਫਰੋਲਦੀ ਸਾਜਿਸ਼ੀ ਵਰਤਾਰਿਆਂ ਨੂੰ ਪਕੜਨ ਦਾ ਯਤਨ ਕਰਦੀ ਹੈ। ਇਹ ਕਵਿਤਾ ਹਾਸ਼ੀਆਗ੍ਰਸਤ ਵਰਗ ਨੂੰ ਵਿਚਾਰੇ ਬਣਾ ਕੇ ਪੇਸ਼ ਨਹੀਂ ਕਰਦੀ, ਬਲਕਿ ਉਹਨਾਂ ਅੰਦਰ ਚੇਤਨਾ ਦੀ ਅਜਿਹੀ ਊਰਜਾ ਭਰਦੀ ਹੈ ਕਿ ਉਹ ਸਮਾਜਿਕ ਵਿਸੰਗਤੀਆਂ ਨੂੰ ਸਿੰਝਣ ਦੇ ਯੋਗ ਹੋ ਜਾਣ। ਇਸ ਪੁਸਤਕ ਦੀ ਵਿਲੱਖਣਤਾ ਹੀ ਇਹ ਹੈ ਕਿ ਇਹ ਰੂੜੀਵਾਦੀ/ਪਿਛਾਕੜੀ/ਮਨੂੰਵਾਦੀ ਮੁੱਲਾਂ ਨੂੰ ਠੋਕ

ਹੇ ਮੇਰੀ ਕਿਤਾਬ ਤੂੰ ਡਿਪਲੋਮੈਟਿਕ ਸਵਾਗਤੀ ਸਮਾਰੋਹਾਂ ਉਤੇ ਮਹਿਮਾਨ ਵਾਂਗ ਨਾ ਬਣੀ,
ਸਿਰਫ਼ ਉਹ ਲਫ਼ਜ਼ ਬੋਲੀਂ ਜਿਹੜੇ ਤੇਰੇ ਅਸਲੀ ਸੁਭਾਅ ਦੇ ਅਨੁਕੂਲ ਹੋਣ
ਸਿਰਫ਼ ਮੂੰਹ-ਮੁਲਾਹਜ਼ੇ ਲਈ ਕੋਈ ਗੱਲ ਨਾ ਕਰੀ।
-ਰਸੂਲ ਹਮਜ਼ਾਤੋਵ

2023 ਦੀ ਪੰਜਾਬੀ ਕਹਾਣੀ

ਕਥਾ-ਦ੍ਰਿਸ਼ਟੀ ਦੇ ਕਾਣ ਤੋਂ ਮੁਕਤ ਹੋਣ ਲਈ ਜੂਝ ਰਹੀ ਪੰਜਾਬੀ ਕਹਾਣੀ

ਡਾ. ਬਲਦੇਵ ਸਿੰਘ ਧਾਲੀਵਾਲ

ਸਾਲ 2023 ਦੀ ਪੰਜਾਬੀ ਕਹਾਣੀ ਪੜ੍ਹਦਿਆਂ ਜਿਹੜੀ ਗੱਲ ਸਭ ਤੋਂ ਉਭਰਵੇਂ ਰੂਪ 'ਚ ਨਜ਼ਰ ਆਉਂਦੀ ਹੈ, ਉਸ ਦਾ ਸੰਬੰਧ ਕਹਾਣੀ ਦੀ ਦਰਮਿਆਨੇ ਦਰਜੇ ਦੀ ਗੁਣਤਾ (ਕੁਆਲਟੀ) ਨਾਲ ਹੈ। ਗਿਣਤੀ ਦੇ ਪੱਖੋਂ ਵੇਖੀਏ ਤਾਂ ਕਿਤਾਬਾਂ, ਰਸਾਲਿਆਂ, ਅਖ਼ਬਾਰਾਂ, ਸੋਸ਼ਲ ਸਾਈਟਾਂ ਆਦਿ ਰਾਹੀਂ ਸਾਹਮਣੇ ਆ ਰਹੀ ਪੰਜਾਬੀ ਕਹਾਣੀ ਬਹੁਤ ਵੱਡੀ ਮਾਤਰਾ 'ਚ ਕਹਾਣੀ ਸਿਰਜੇ ਜਾਣ ਦੀ ਨਿਸ਼ਾਨਦੇਹੀ ਕਰਦੀ ਹੈ, ਪਰ ਗੁਣਤਾ ਦੇ ਪ੍ਰਤਿਮਾਨਾਂ ਅਨੁਸਾਰ ਵੇਖੀਏ ਤਾਂ ਸਥਾਪਤ ਲੇਖਕਾਂ ਦੀਆਂ ਪਹਿਲੀ ਨਜ਼ਰੇ ਚੰਗੀਆਂ ਜਾਪਦੀਆਂ ਕਹਾਣੀਆਂ ਪੜ੍ਹਦਿਆਂ ਵੀ ਗੰਭੀਰ ਪਾਠਕ ਨੂੰ ਇਹ ਅਹਿਸਾਸ ਲਗਾਤਾਰ ਹੁੰਦਾ ਰਹਿੰਦਾ ਹੈ ਕਿ ਕਹਾਣੀ ਦੇ ਨਿਭਾਅ ਵਿਚ ਕੋਈ ਅਜਿਹੀ ਗੌਲਣ ਯੋਗ ਘਾਟ ਰਹਿ ਗਈ ਹੈ, ਜਿਸ ਨੇ ਰਚਨਾ ਨੂੰ ਕਲਾਸਕੀ ਦਰਜੇ ਤੋਂ ਹੇਠਾਂ ਡੇਗ ਕੇ ਦਰਮਿਆਨੇ ਦਰਜੇ ਦੀ ਬਣਾ ਦਿੱਤਾ ਹੈ। ਆਮ ਅਰਥਾਂ ਵਿਚ ਇਹ ਤਰੁੱਟੀ ਅਜੋਕੀ ਪੰਜਾਬੀ ਕਹਾਣੀ ਦੀ ਕਲਾਤਮਕ ਖੜੋਤ ਵੱਲ ਇਸ਼ਾਰਾ ਕਰਦੀ ਹੈ ਅਤੇ ਵੱਡੇ ਅਰਥਾਂ ਵਿਚ ਇਹ ਗੱਲ ਪੰਜਾਬੀ ਕਹਾਣੀ ਦੇ ਵਿਸ਼ਵ ਪੱਧਰੀ ਹੋ ਸਕਣ ਦੇ ਰਾਹ ਵਿਚ ਰੁਕਾਵਟ ਬਣ ਜਾਂਦੀ ਹੈ। ਪੰਜਾਬੀ ਕਹਾਣੀ ਦੀ ਇਸ ਸੀਮਾ ਜਾਂ ਸਿਰਜਣਾਤਮਕ ਕਮਜ਼ੋਰੀ ਦਾ ਸੰਬੰਧ, ਮੇਰੀ ਜਾਚੇ, ਪੰਜਾਬੀ ਕਹਾਣੀਕਾਰ ਦੀ ਕਥਾ-ਦ੍ਰਿਸ਼ਟੀ ਦੇ ਕਾਣ ਨਾਲ ਹੈ, ਜਿਸ ਕਾਰਨ ਉਹ ਕਹਾਣੀ ਦੇ ਦੋਸ਼-ਰਹਿਤ (ਫਲਾਅਲੈਸ) ਬਿਰਤਾਂਤਕ ਨਿਭਾਅ ਤੋਂ ਵਿਰਵਾ ਰਹਿ ਜਾਂਦਾ ਹੈ।

ਆਪਣੀ ਇਸ ਧਾਰਨਾ ਨੂੰ ਕਿਸੇ ਸਥਾਪਤ ਕਹਾਣੀਕਾਰ ਦੀ ਰਚਨਾ ਦੇ ਹਵਾਲੇ ਨਾਲ ਸਪੱਸ਼ਟ ਕਰਨ ਤੋਂ ਪਹਿਲਾਂ ਇੱਕ ਦੋ ਗੱਲਾਂ ਕਥਾ-ਦ੍ਰਿਸ਼ਟੀ ਦੇ ਸਿਧਾਂਤਕ ਪੱਖ ਦੀ ਸੂਝ ਬਾਰੇ ਕਰਨੀਆਂ ਜ਼ਰੂਰੀ ਜਾਪਦੀਆਂ ਹਨ। ਕਿਸੇ ਵੀ ਬਿਰਤਾਂਤਕ ਪ੍ਰਵਚਨ ਦੀ ਪਿੱਠਭੂਮੀ ਵਿਚ ਰਚਨਾਕਾਰ ਦੀ ਵਿਸ਼ਵ-ਦ੍ਰਿਸ਼ਟੀ (ਵਰਲਡਵਿਊ) ਕਾਰਜਸ਼ੀਲ ਹੁੰਦੀ ਹੈ। ਬਿਰਤਾਂਤਕਾਰੀ ਦੇ ਅਮਲ ਵਿਚ ਪੈਣ ਤੋਂ ਵੀ ਪਹਿਲਾਂ ਇਹ ਵਿਸ਼ਵ-ਦ੍ਰਿਸ਼ਟੀ ਹੀ ਉਸ ਨੂੰ ਸੁਝਾਉਂਦੀ ਹੈ ਕਿ ਸਮਾਜ ਵਿਚ ਹਰ ਪਲ਼ ਹੋ ਰਹੇ ਰੂਪਾਂਤਰਨ ਦੀ ਦਸ਼ਾ ਅਤੇ ਦਿਸ਼ਾ ਨੂੰ ਕਿਵੇਂ ਵੇਖਣਾ, ਵਾਚਣਾ ਅਤੇ ਮੁਲੰਕਿਤ ਕਰਨਾ ਹੈ। ਕਹਾਣੀ ਦੀ ਸਿਰਜਣ-ਪ੍ਰਕਿਰਿਆ ਦੌਰਾਨ ਇਹ ਵਿਸ਼ਵ-ਦ੍ਰਿਸ਼ਟੀ ਹੀ ਕਥਾ-ਦ੍ਰਿਸ਼ਟੀ ਦਾ ਰੂਪ ਗ੍ਰਹਿਣ ਕਰ ਲੈਂਦੀ ਹੈ, ਜੋ ਕਹਾਣੀਕਾਰ ਲਈ ਵਸਤੂ-ਚੋਣ, ਬਿਰਤਾਂਤਕ ਨਿਭਾਓ ਅਤੇ ਕਥਾ-ਵਿਵੇਕ ਸਿਰਜਣਾ ਲਈ ਸੇਧਗਾਰ ਸਿੱਧ ਹੁੰਦੀ ਹੈ। ਜਿਸ ਕਹਾਣੀਕਾਰ ਦੀ ਕਥਾ-ਦ੍ਰਿਸ਼ਟੀ ਪ੍ਰੌੜ (ਫੁੱਲ-ਗਰੋਨ) ਅਤੇ ਪਰਪੱਕ (ਫਰਮ) ਹੁੰਦੀ ਹੈ, ਉਹ ਨਿਰੰਤਰ ਬਦਲਦੀਆਂ ਵਸਤੂ-ਸਥਿਤੀਆਂ ਦੀ ਥਾਹ ਡੂੰਘਾਈ ਵਿਚ ਪਾ ਸਕਦਾ ਹੈ ਅਤੇ ਉਸ ਬਦਲਾਵ ਦੇ ਮਨੁੱਖੀ ਸੁਭਾਅ ਉੱਤੇ ਪੈਣ ਵਾਲੇ ਤੁਰੰਤ-ਪ੍ਰਭਾਵੀ ਤੇ ਚਿਰ-ਸਥਾਈ ਅਸਰਾਂ ਦੀ ਪਛਾਣ ਕਰ ਸਕਣ ਦੇ ਭਲੀ-ਭਾਂਤ ਸਮਰੱਥ ਹੁੰਦਾ ਹੈ। ਆਪਣੇ ਅਨੁਭਵ ਦੇ ਸਾਹਿਤ ਰਾਹੀਂ ਪ੍ਰਗਟਾਵੇ ਸਮੇਂ ਇਹ ਪਛਾਣ ਉਸ ਦੇ ਅੰਗ-ਸੰਗ ਰਹਿੰਦੀ ਹੈ। ਆਪਣੇ ਗਲਪੀ ਪ੍ਰਵਚਨ ਲਈ ਜੇਕਰ ਉਹ ਕਹਾਣੀ ਵਿਧਾ ਦੀ ਚੋਣ ਕਰਦਾ ਹੈ ਤਾਂ ਸਪੱਸ਼ਟ ਹੈ ਕਿ ਇਸ ਰੂਪਾਕਾਰ-ਵਿਸ਼ੇਸ਼ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਤੋਂ ਵੀ ਸੁਚੇਤ ਹੁੰਦਾ ਹੈ ਅਤੇ ਕਹਾਣੀ ਦਾ ਮਾਨਵਮੁਖੀ ਕਥਾ-ਵਿਵੇਕ ਉਜਾਗਰ ਕਰਨ ਪ੍ਰਤੀ ਵੀ ਪ੍ਰਤੀਬੱਧ ਹੁੰਦਾ ਹੈ। ਕਥਾ-ਦ੍ਰਿਸ਼ਟੀ ਦੇ ਅਜਿਹੇ ਪ੍ਰਤਿਮਾਨ ਵਿਸ਼ਵ ਵਿਚ ਕਲਾਸਕੀ ਬਿਰਤਾਂਤਕਾਰੀ ਦੀ ਬੁਨਿਆਦ ਬਣਦੇ ਰਹੇ ਹਨ। ਇਸ ਦੇ ਉਲਟ ਕਥਾ-ਦ੍ਰਿਸ਼ਟੀ ਵਿਚਲਾ ਕੋਈ ਵੀ ਕਾਣ ਬਿਰਤਾਂਤਕਾਰੀ ਵਿਚ ਵੱਡਾ ਝੋਲ ਪਾ ਦਿੰਦਾ ਹੈ। ਮਿਸਾਲ ਵਜੋਂ ਆਪਣੇ ਕਥਾ-ਵਸਤੂ ਦੇ ਸਰੂਪ ਨੂੰ ਬਿਨਾਂ ਸਮਝੇ ਉੱਤਮ-ਪੁਰਖੀ ਜਾਂ ਅੰਨਯ-ਪੁਰਖੀ ਬਿਰਤਾਂਤਕਾਰ ਦੀ ਚੋਣ ਕਰਨ ਨਾਲ ਰਚਨਾ ਦਾ ਸਰੂਪ ਅਤੇ ਪ੍ਰਕਾਰਜ (ਫੰਕਸ਼ਨ) ਹੀ ਬਦਲ ਜਾਂਦਾ ਹੈ। ਇਸੇ ਤਰ੍ਹਾਂ ਪਾਤਰ-ਚੋਣ, ਪਾਤਰ-ਉਸਾਰੀ, ਘਟਨਾ-ਚੋਣ, ਘਟਨਾ-ਪ੍ਰਬੰਧ, ਗਲਪੀ-ਭਾਸ਼ਾ, ਫੋਕਸੀਕਰਨ ਆਦਿ ਗਲਪੀ ਤੱਤਾਂ ਦੀ ਗ਼ਲਤ ਵਰਤੋਂ ਸਮੇਂ ਵਾਪਰਦਾ ਹੈ।

ਸਥਾਪਤ, ਚਰਚਿਤ ਅਤੇ ਢਾਹਾਂ ਪੁਰਸਕਾਰ ਦੀ ਵਿਜੇਤਾ ਕਹਾਣੀਕਾਰ ਦੀਪਤੀ ਬਬੂਟਾ ਦੀ, ਪੰਜਾਬੀ ਦੇ ਮਿਆਰੀ ਰਸਾਲੇ 'ਸਿਰਜਣਾ' (ਅਕਤੂਬਰ-ਦਸੰਬਰ ਅੰਕ) ਵਿਚ ਪ੍ਰਕਾਸ਼ਤ, ਕਹਾਣੀ 'ਚੱਕਰਵਿਊ' ਦੀ ਮਿਸਾਲ ਨਾਲ ਆਪਣੀਆਂ ਉੱਪਰ ਦਿੱਤੀਆਂ ਧਾਰਨਾਵਾਂ ਨੂੰ ਵਿਹਾਰਕ ਰੂਪ 'ਚ ਸਪੱਸ਼ਟ ਕਰਨ ਦਾ ਯਤਨ ਕਰਦੇ ਹਾਂ। ਕਹਾਣੀ ਦਾ ਵਿਸ਼ਾ ਬਹੁਤ ਅਹਿਮ ਹੈ। ਰੂਸ-ਯੂਕਰੇਨ ਦੇ ਯੁੱਧ ਦੀ ਅੰਤਰ-ਰਾਸ਼ਟਰੀ ਘਟਨਾ ਇੱਕ ਮੱਧ ਵਰਗੀ ਪੰਜਾਬੀ ਪਰਵਾਰ ਦੇ ਸੁਪਨਿਆਂ ਦਾ ਘਾਤ ਕਰ ਦਿੰਦੀ ਹੈ। ਯੂਕਰੇਨ ਵਿਚ ਡਾਕਟਰੀ ਦੀ ਵਿੱਦਿਆ ਹਾਸਲ ਕਰਨ ਗਿਆ ਸੂਰਯਾ, ਜੋ ਕਿ ਪੰਜਾਬ ਦੇ ਇੱਕ ਨੌਕਰੀਪੇਸ਼ਾ ਮੱਧ ਵਰਗੀ ਹਿੰਦੂ ਪਰਵਾਰ ਦਾ ਜੰਮਪਲ਼ ਹੈ, ਮਸਾਂ ਜਾਨ ਬਚਾ ਕੇ ਵਾਪਸ ਘਰ ਪਹੁੰਚਦਾ ਹੈ ਅਤੇ ਹਰ ਪੱਖੋਂ ਜ਼ਿੰਦਗੀ ਦੇ ਚੱਕਰਵਿਊ ਵਿਚ ਫਸ ਜਾਂਦਾ ਹੈ। ਕਹਾਣੀਕਾਰ ਨੇ ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਕਹਾਣੀ ਕਹਿਣ ਦੀ ਚੋਣ ਕਰਕੇ ਢੁਕਵਾਂ ਫੈਸਲਾ ਕੀਤਾ, ਜਿਸ ਸਦਕਾ ਬਿਰਤਾਂਤ ਦੇ ਬਹੁ-ਆਵਾਜ਼ੀ ਹੋਣ ਦਾ ਰਾਹ ਖੁੱਲ੍ਹ ਗਿਆ। ਆਪਣੀ ਗਲਪੀ-ਸਮਰੱਥਾ ਅਨੁਸਾਰ ਕਹਾਣੀਕਾਰ ਪੂਰਾ ਯਤਨ ਕਰਦੀ ਹੈ ਕਿ ਇੱਕ ਪਾਸੇ ਸੂਰਯਾ ਅਤੇ ਉਸ ਦੇ ਪਰਵਾਰਕ ਮੈਂਬਰਾਂ ਦੀ ਤਣਾਅਗ੍ਰਸਤ ਮਾਨਸਿਕਤਾ ਦੇ ਯਥਾਰਥਕ ਚਿੱਤਰ ਉਲੀਕ ਸਕੇ ਅਤੇ ਦੂਜੇ ਪਾਸੇ ਸਮੁੱਚੀ ਮਾਨਵਤਾ ਦੇ ਪ੍ਰਸੰਗ ਵਿਚ ਜੰਗਾਂ-ਯੁੱਧਾਂ ਦੇ ਮਾਰੂ ਪ੍ਰਭਾਵਾਂ ਨੂੰ ਉਜਾਗਰ ਕਰਦਾ ਕਥਾ-ਵਿਵੇਕ ਉਭਾਰੇ। ਕਹਾਣੀਕਾਰ ਦੇ ਸਭ ਸੁਹਿਰਦ ਉਪਰਾਲਿਆਂ ਦੇ ਬਾਵਜੂਦ ਬਿਰਤਾਂਤਕਾਰੀ ਦੋਸ਼-ਪੂਰਨ ਨਿਭਾਓ ਦਾ ਸ਼ਿਕਾਰ ਹੋ ਜਾਂਦੀ ਹੈ। ਤ੍ਰਾਸਦੀ-ਗ੍ਰਸਤ ਪਾਤਰਾਂ ਦੇ ਮਾਨਸਕ ਵਿਸ਼ਾਦ ਨੂੰ ਡੂੰਘਾਈ ਵਿਚ ਚਿਤਰਨ ਅਤੇ ਉਨ੍ਹਾਂ ਦੇ ਹੋਂਦਗਤ ਸਰੋਕਾਰਾਂ ਦੇ ਦਾਰਸ਼ਨਿਕ ਪੱਖ ਉਜਾਗਰ ਕਰਨ ਦੀ ਥਾਂ ਕਹਾਣੀਕਾਰ ਅਖ਼ਬਾਰੀ ਰਿਪੋਰਟਾਂ ਦੀ ਤਰਜ਼ ਉੱਤੇ ਸਥਿਤੀਆਂ, ਘਟਨਾਵਾਂ ਦੇ ਬਾਹਰੀ ਵਰਨਣ ਨੂੰ ਵਧੇਰੇ ਮਹੱਤਵ ਦੇਣ ਲਗਦੀ ਹੈ। ਪਾਠਕ ਨੂੰ ਵਧੇਰੇ ਝੰਜੋੜਨ ਲਈ ਘਟਨਾਵਾਂ ਦਾ ਅਤੀ ਨਾਟਕੀ ਸਰੂਪ ਅਤੇ ਪਾਤਰ-ਵੇਦਨਾ ਦਾ ਅਤਿਕਥਨੀ ਭਰਿਆ ਬਿਆਨ, ਬਿਰਤਾਂਤ ਵਿਚ ਮੈਲੋਡਰਾਮਾ ਦੇ ਅੰਸ਼ਾਂ ਦਾ ਦਖ਼ਲ ਵਧਾ ਦਿੰਦਾ ਹੈ। ਸਿੱਟੇ ਵਜੋਂ ਉਹ ਬਿਆਨ ਪਾਠਕ ਦੀ ਸੰਵੇਦਨਾ ਨੂੰ ਝੰਜੋੜਨ ਦੀ ਥਾਂ ਉਸ ਲਈ ਫ਼ਿਲਮੀ ਝਾਕੀ ਬਣ ਜਾਂਦਾ ਹੈ। ਵਸਤੂ-ਸਥਿਤੀ ਪ੍ਰਤੀ ਉਤੇਜਿਤ ਪ੍ਰਤੀਕਿਰਿਆ ਕਹਾਣੀਕਾਰ ਦੀ ਸੰਤੁਲਤ, ਸਹਿਜ ਅਤੇ ਸਿਰਜਣਾਤਮਕ ਸੂਝ ਉੱਤੇ ਭਾਰੀ ਪੈਣ ਲਗਦੀ ਹੈ, ਜੋ ਗਲਪੀ ਭਾਸ਼ਾ ਨੂੰ ਪਾਤਰਾਂ ਅਤੇ ਸਥਿਤੀਆਂ ਅਨੁਕੂਲ ਨਹੀਂ ਰਹਿਣ ਦਿੰਦੀ, ਸਗੋਂ ਬਿਰਤਾਂਤਕਾਰ ਦਾ ਉਚੀ ਸੁਰ ਵਾਲਾ ਗਲਪੀ ਪ੍ਰਵਚਨ ਬਣਾ ਦਿੰਦੀ ਹੈ। ਇੱਕ ਨਮੂਨਾ ਵੇਖੋ: ਸਾਤ੍ਰਸਤੀ ਦੀ ਘੇਰਾਬੰਦੀ ਤੋੜ ਕੇ ਆਏ ਸੂਰਯਾ ਦੀ ਰੱਖਿਆ ਲਈ ਸਭ ਤੋਂ ਪਹਿਲਾਂ ਸ਼ਨੀ ਸ਼ਿਗਨਾਪੁਰ ਜਾ ਮੱਥਾ ਟੇਕਿਆ। ਉਸ ਤੋਂ ਬਾਅਦ ਤੀਰਥ ਸਥਾਨਾਂ ਦੀ ਚੱਲ ਸੋ ਚੱਲ ਮੁੱਕਣ 'ਚ ਨਾ ਆਵੇ। ਹਰਿਦੁਆਰ, ਵੈਸ਼ਨੋ ਦੇਵੀ, ਬਗਲਾਮੁਖੀ ਧਾਮ, ਹਰਿਮੰਦਰ ਸਾਹਿਬ, ਸਾਈ ਧਾਮ, ਅਜਮੇਰ ਸ਼ਰੀਫ਼, ਪੀਰਾਂ ਦੀਆਂ ਦਰਗਾਹਾਂ... ਕੋਈ ਅਜਿਹਾ ਤੀਰਥ ਨਾ ਬਚਿਆ ਜਿਥੇ ਮੱਥਾ ਨਾ ਟੇਕਿਆ।...

ਆਪਣੀ ਉਤੇਜਿਤ ਪ੍ਰਤੀਕਿਰਿਆ ਅਧੀਨ ਕਹਾਣੀਕਾਰ ਇੱਕ ਪਰੰਪਰਿਕ ਹਿੰਦੂ ਮਾਣਤਾਵਾਂ ਵਾਲੇ ਪਰਵਾਰ ਨੂੰ ਸਰਬਧਰਮੀ ਬਣਾ ਕੇ ਮਨ-ਚਾਹੀ ਦਿਸ਼ਾ ਵੱਲ ਤੋਰ ਲੈਂਦੀ ਹੈ। ਕਹਾਣੀ ਦੇ ਅੰਤ ਉੱਤੇ 'ਡਾਕਟਰੀ ਖਿਡੌਣਾ ਸੈੱਟ' ਡਸਟਬਿੰਨ ਵਿਚ ਸਿੱਟਣ ਵਾਲਾ ਨਾਟਕੀ ਘਟਨਾ-ਕ੍ਰਮ ਵੀ ਸਥਿਤੀਆਂ ਦੇ ਅੰਦਰਲੇ ਵਿਵੇਕ (ਸੁਪਨੇ ਦੀ ਪੂਰਤੀ ਲਈ ਮੂੰਹਜ਼ੋਰ ਮੱਧ ਵਰਗੀ ਲੋਚਾ) ਦੀ ਥਾਂ ਕਹਾਣੀਕਾਰ ਦਾ ਕਾਹਲੀ ਭਰੀ ਪ੍ਰਤੀਕਿਰਿਆ ਕਰਕੇ ਲਿਆ ਗਿਆ 'ਯੂ-ਟਰਨ' ਬਣ ਜਾਂਦਾ ਹੈ।

ਕਥਾ-ਦੋਸ਼ਾਂ ਦਾ ਸਰੂਪ ਵੱਖਰਾ ਹੋ ਸਕਦਾ ਹੈ, ਪਰ ਇਸ ਵਰ੍ਹੇ ਦੀ ਪੰਜਾਬੀ ਕਹਾਣੀ ਦੀਆਂ ਬਹੁਤ ਚੰਗੀਆਂ ਮੰਨੀਆਂ ਗਈਆਂ ਰਚਨਾਵਾਂ ਵੀ ਰਚਨਾ-ਦ੍ਰਿਸ਼ਟੀ ਦੇ ਪੱਖੋਂ ਕਿਸੇ ਨਾ ਕਿਸੇ ਅਜਿਹੀ ਇੱਕ ਜਾਂ ਦੂਜੀ ਮਰਜ਼ ਨਾਲ ਪੀੜਤ ਹਨ, ਜਿਸ ਕਰਕੇ ਬਿਰਤਾਂਤਕ ਕਲਾਤਮਿਕਤਾ ਦੀ ਸਿਖਰ ਹੰਢਾਉਣ ਤੋਂ ਵਿਰਵੀਆਂ ਰਹਿ ਜਾਂਦੀਆਂ ਹਨ। ਫਿਰ ਵੀ ਤੂੜੀ ਦੀ ਧੜ 'ਚੋਂ ਦਾਣੇ ਨਿਖੇੜਨ ਵਰਗੀ ਕਰੜੀ ਮੁਸ਼ੱਕਤ ਤੋਂ ਬਾਅਦ ਮਸਾਂ ਉਂਗਲਾਂ ਦੇ ਪੋਟਿਆਂ ਉੱਤੇ ਗਿਣੀਆਂ ਜਾ ਸਕਣ ਜਿੰਨੀਆਂ ਪੰਜਾਬੀ ਕਹਾਣੀਆਂ ਪ੍ਰਾਪਤ ਹੋ ਸਕੀਆਂ ਹਨ ਜਿਨ੍ਹਾਂ ਨੂੰ ਮੁਕਾਬਲਤਨ ਬਿਹਤਰੀਨ ਨਹੀਂ ਤਾਂ ਮੁੱਲਵਾਨ ਚੰਗੀਆਂ ਕਹਾਣੀਆਂ ਜ਼ਰੂਰ ਕਹਿ ਸਕਦੇ ਹਾਂ। ਕਥਾ-ਦ੍ਰਿਸ਼ਟੀ ਦੇ ਪੱਖੋਂ ਇਨ੍ਹਾਂ ਸਲਾਹੁਣਯੋਗ ਕਹਾਣੀਆਂ ਨੂੰ ਮੈਂ ਆਪਣੀ ਸੰਖੇਪ ਮੁਲਾਂਕਣੀ ਟਿੱਪਣੀ ਸਮੇਤ ਉਭਾਰ ਕੇ ਪੇਸ਼ ਕਰਨਾ ਚਾਹੁੰਦਾ ਹਾਂ।

ਜਗਜੀਤ ਬਰਾੜ ਦੀ ਕਹਾਣੀ 'ਦੋ ਗੁਆਚੇ ਪਿਓ' (ਸ਼ਬਦ, ਅਪ੍ਰੈਲ-ਜੂਨ) ਉਤਮ-ਪੁਰਖੀ ਬਿਰਤਾਂਤਕਾਰ, ਗੋਰੀ ਕੁੜੀ ਐਮਲੀ ਰਾਹੀਂ ਪਿਓ ਦੀ ਅਣਹੋਂਦ ਵਿਚ ਬੱਚਿਆਂ ਦੀ ਮਾਨਸਿਕਤਾ ਉੱਤੇ ਪੈਣ ਵਾਲੇ ਦੂਰਰਸੀ ਬੁਰੇ ਪ੍ਰਭਾਵਾਂ ਨੂੰ ਡੂੰਘੇ ਮਨੋਵਿਗਿਆਨਕ ਅਤੇ ਸੱਭਿਆਚਾਰਕ ਆਧਾਰਾਂ ਨਾਲ ਪੇਸ਼ ਕਰਦੀ ਹੈ। ਪਹਿਲੀ ਨਜ਼ਰੇ ਪਰੰਪਰਿਕ ਵਿਸ਼ੇ ਬਾਰੇ ਲਿਖੀ ਗਈ ਜਾਪਦੀ ਇਸ ਕਹਾਣੀ ਦੀ ਸ਼ਕਤੀ ਇਸ ਦੇ ਵਿਲੱਖਣ ਕਥਾ-ਵਸਤੂ, ਸੰਚਾਰ-ਯੁਕਤ ਤੇ ਸੁਹਜਮਈ ਸਰਲ ਬਿਰਤਾਂਤਕਾਰੀ ਅਤੇ ਉਲਾਰ-ਮੁਕਤ ਕਥਾ-ਦ੍ਰਿਸ਼ਟੀ ਵਿਚ ਹੈ। ਨਾਵਲੀ ਬਿਰਤਾਂਤ ਦੀ ਕਥਾ-ਵੰਨਗੀ ਵਾਲੀ ਇਹ ਕਹਾਣੀ ਲਕੀਰੀ ਬਿਰਤਾਂਤ ਦੀ ਕਥਾ-ਜੁਗਤ ਰਾਹੀਂ ਜਟਿਲ ਮਾਨਵੀ ਪਰਿਸਥਿਤੀਆਂ ਦਾ ਚਿਤਰਨ ਕਰ ਸਕਣ ਦਾ ਸਫਲ ਪ੍ਰਯੋਗ ਕਰਨ ਵਾਲੀ ਹੈ। ਇਸ ਦੇ ਸਾਰੇ ਪਾਤਰ ਗ਼ੈਰ-ਪੰਜਾਬੀ ਹਨ, ਪਰ ਉਨ੍ਹਾਂ ਦੀ ਚਰਿੱਤਰ-ਉਸਾਰੀ ਠੇਠ ਪੰਜਾਬੀ ਮੁਹਾਵਰੇ ਰਾਹੀਂ ਕੀਤੀ ਗਈ ਹੈ। ਭਾਵੇਂ ਕਿਤੇ ਕਿਤੇ ਅਨੁਵਾਦ ਦੀ ਭਾਸ਼ਾ ਦੇ ਸਰੂਪ ਵਾਲੀ ਸ਼ਬਦਾਵਲੀ ਵੀ ਵਰਤੀ ਗਈ ਹੈ, ਜੋ ਗਲਪੀ-ਭਾਸ਼ਾ ਦਾ ਬਦਲ ਨਹੀਂ ਬਣ ਸਕਦੀ, ਪਰ ਸ਼ਾਇਦ ਇਹ ਨਾ-ਸਰਦੇ ਦੀ ਲੋੜ ਕਰਕੇ ਕੀਤਾ ਗਿਆ ਹੈ। ਐਮਲੀ ਅਤੇ ਉਸ ਦੀ ਮਾਂ ਨੇ ਮਰਦ ਦਾ ਡਰਾਉਣਾ ਅਤੇ ਗ਼ੈਰ-ਮਾਨਵੀ ਵਿਹਾਰੀ ਰੂਪ ਵੀ ਵੇਖਿਆ ਹੈ, ਪਰ ਉਹ ਇਸ ਸਮਾਜਿਕ-ਮਨੋਵਿਗਿਆਨਕ ਸੱਚ ਤੋਂ ਵੀ ਅਭਿੱਜ ਨਹੀਂ ਕਿ ਮਰਦ ਦੀ ਅਣਹੋਂਦ ਨਾਲ ਅਸਥਿਰ ਹੋਈ ਜ਼ਿੰਦਗੀ ਵੀ ਕੋਈ ਘੱਟ ਬੇਰਸੀ ਨਹੀਂ। ਆਪਣੇ ਕਥਾ-ਵਿਵੇਕ ਵਜੋਂ ਕਹਾਣੀ ਪਰੰਪਰਿਕ ਨਾਰੀਵਾਦ ਦੀ ਮਰਦ-ਮੁਕਤ ਧਾਰਨਾ ਦੇ ਉਲਟ ਮਰਦ-ਯੁਕਤ ਨਵ-ਨਾਰੀਵਾਦ ਦਾ ਪ੍ਰਤਿਮਾਨ ਸ਼ਕਤੀਸ਼ਾਲੀ ਢੰਗ ਨਾਲ ਉਭਾਰਦੀ ਹੈ।

ਵਿਪਨ ਗਿੱਲ ਦੀ ਕਹਾਣੀ 'ਰੰਗ ਤਲਿੱਸਮ' (ਕਹਾਣੀ ਧਾਰਾ, ਅਕਤੂਬਰ-ਦਸੰਬਰ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਇੱਕ ਖ਼ਾਨਦਾਨੀ ਅਮੀਰ ਰਾਏ ਸਾਹਿਬ ਦੀ ਦੂਜੀ ਪਤਨੀ ਸੀਮਾਂ ਦੇ ਇੱਕੋ ਸਮੇਂ ਘੁਟਨ ਅਤੇ ਸੁਪਨਿਆਂ ਨਾਲ ਲਬਰੇਜ਼ ਅਵਚੇਤਨੀ ਸੰਸਾਰ ਦਾ ਬਿਰਤਾਂਤ ਪੇਸ਼ ਕਰਦੀ ਹੈ। ਕੁਦਰਤੀ ਵਰਤਾਰਿਆਂ ਅਤੇ ਜਟਿਲ ਸਮਾਜਿਕ ਸੰਰਚਨਾ ਦੇ ਪ੍ਰਸੰਗ ਵਿਚ ਬਦਲਦੇ ਮਨੁੱਖੀ ਵਿਹਾਰ ਦੀਆਂ ਵੱਖ ਵੱਖ ਸ਼ੇਡਜ਼ ਨੂੰ ਕਹਾਣੀ ਵਿਚ ਬਹੁਤ ਬਰੀਕੀ ਨਾਲ ਚਿਤਰਿਆ ਗਿਆ ਹੈ। ਸਹਿਜ ਬਿਆਨੀ ਅਤੇ ਪ੍ਰਗੀਤਕ ਗਲਪੀ ਭਾਸ਼ਾ ਕਹਾਣੀ ਦੀ ਸਮਰੱਥਾ ਨੂੰ ਵਧਾਉਂਦੀ ਹੈ। ਨਾਰੀ ਦੇ ਦਿਸ਼ਾਹੀਣ ਵਿਦਰੋਹ ਦੀ ਥਾਂ ਆਪਣੀ ਅਮੋਲਕ ਮਾਨਵੀ ਹੋਂਦ ਦੇ ਗੌਰਵ ਦੀ ਪਛਾਣ ਵਾਲਾ ਕਥਾ-ਵਿਵੇਕ ਇਸ ਕਹਾਣੀ ਨੂੰ ਨਵ-ਨਾਰੀਵਾਦ ਦੇ ਨਵੇਂ ਪਾਸਾਰ ਉਜਾਗਰ ਕਰਨ ਵੱਲ ਤੋਰਦਾ ਹੈ।

ਸੁਖਪਾਲ ਸਿੰਘ ਬਿੰਦ ਦੀ ਕਹਾਣੀ 'ਫ਼ਸਲਾਂ ਦੇ ਫ਼ੈਸਲੇ' (ਹੁਣ, ਮਈ-ਅਗਸਤ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਦਿੱਲੀ ਦੀਆਂ ਬਰੂਹਾਂ ਉੱਤੇ ਲਾਏ ਅਤੇ ਜਿੱਤੇ ਗਏ ਕਿਸਾਨ ਮੋਰਚੇ ਦੇ ਮੱਧ ਵਰਗੀ ਪੰਜਾਬੀ ਬੰਦੇ ਦੇ ਮਨ-ਮਸਤਕ ਉੱਤੇ ਪਏ ਝੰਜੋੜਵੇਂ ਪ੍ਰਭਾਵਾਂ ਦਾ ਬਿਰਤਾਂਤ ਪੇਸ਼ ਕਰਦੀ ਹੈ। ਅੰਦੋਲਨ ਵਿਚ ਆਪਣੇ ਕਿਸਾਨ ਬਾਪ

ਜਿਸ ਲਿਖਤ ਵਿੱਚ ਲੇਖਕ ਦਾ ਚਿਹਰਾ-ਮੁਹਰਾ ਨਹੀਂ ਦਿਸਦਾ ਉਹ ਬਿਨਾਂ ਸਵਾਰ ਦੇ ਘੋੜੇ ਵਾਂਗ ਹੈ, ਜਿਹੜਾ ਸੜਕ 'ਤੇ ਨੱਠਾ ਜਾ ਰਿਹਾ ਹੋਵੇ।

-ਗ਼ੂਸਲ ਹਮਜ਼ਾਤੋਵ

2023 ਦਾ ਪੰਜਾਬੀ ਨਾਵਲ

ਨਾਰੀ ਚਿੰਤਨ, ਡੇਰਾਵਾਦ ਤੇ ਕਿਸਾਨੀ ਜੀਵਨ ਯਥਾਰਥ ਦੇ ਸਮਕਾਲੀ ਸੰਕਟਾਂ ਦੀ ਲਕੀਰੀ ਬਿਰਤਾਂਤਕਾਰੀ

ਜੇ ਬੀ ਸੇਖੋਂ

ਸਾਹਿਤ ਮਨੋਰੰਜਨ ਵਾਲੀ ਕਲਾ ਨਹੀਂ, ਸਗੋਂ ਜ਼ਿੰਮੇਵਾਰੀ ਦੇ ਚਿੰਤਨੀ ਅਹਿਸਾਸਾਂ ਨਾਲ ਭਰੀ ਸਿਰਜਣਾ ਹੈ। ਨਾਵਲ ਵਰਗਾ ਯਥਾਰਥ ਧਰਮੀ ਰੂਪਾਕਾਰ ਵੀ ਇਸ ਤੋਂ ਵੱਖ ਨਹੀਂ। ਕਜ਼ੈਕ ਲੇਖਕ ਮਿਲਿੰਦ ਕੁੰਦੇਰਾ ਅਨੁਸਾਰ, 'ਨਾਵਲ ਦਾ ਕੰਮ ਸਵਾਲ ਪੁੱਛਣਾ ਹੈ ਅਤੇ ਨਾਵਲ ਦੁਨੀਆ ਨੂੰ ਇਕ ਸਮਝਦਾਰੀ ਨਾਲ ਸਵਾਲ ਦੇ ਰੂਪ ਵਿੱਚ ਦੇਖਣ ਦੀ ਦ੍ਰਿਸ਼ਟੀ ਦਿੰਦਾ ਹੈ।' ਪੰਜਾਬੀ ਨਾਵਲ ਨੇ ਵੀ ਆਪਣੀ ਸਵਾ ਸੌ ਸਾਲਾਂ ਦੀ ਇਤਿਹਾਸਕ ਯਾਤਰਾ ਵਿੱਚ ਆਪਣੇ ਸਮਕਾਲੀ ਦੌਰ 'ਤੇ ਅਨੇਕਾਂ ਸਵਾਲ ਉਠਾਏ ਹਨ। ਸਵਾਲ ਪੈਦਾ ਹੋਣ ਦੀ ਸੂਝ ਹਮੇਸ਼ਾ ਬਿਪਤਾ ਤੇ ਬੇਚੈਨੀ ਵਿੱਚੋਂ ਆਉਂਦੀ ਹੈ। ਅੰਗਰੇਜ਼ ਬਸਤੀਵਾਦੀ ਦੌਰ ਵਿਚਲੀ ਪੰਜਾਬੀ ਬੰਦੇ ਦੀ ਮੁੱਢਲੀ ਸੰਪਦਾਇਕ ਬੇਚੈਨੀ ਵਿੱਚੋਂ ਭਾਈ ਵੀਰ ਸਿੰਘ 1898 ਵਿੱਚ 'ਸੁੰਦਰੀ' ਨਾਵਲ ਲਿਖਦਾ ਹੈ। ਬਰਤਾਨਵੀ ਬਸਤੀਵਾਦੀ ਦੌਰ ਦੀ ਸੱਤਾ ਸਿਆਸਤ ਦੇ ਸੰਸਕ੍ਰਿਤਕ ਹਮਲੇ ਤਹਿਤ ਇਸਾਈ ਮਿਸ਼ਨਰੀਆਂ ਵੱਲੋਂ ਵਿੱਢੇ ਧਰਮ ਪ੍ਰਚਾਰ ਦਾ ਪ੍ਰਤੀਉੱਤਰ ਸਿਰਜਣ ਲਈ ਭਾਈ ਵੀਰ ਸਿੰਘ ਨੇ ਸਿੱਖ ਇਤਿਹਾਸ 'ਤੇ ਆਪਣੀ ਟੇਕ ਰੱਖੀ। ਉਹ ਆਪਣੇ ਸਮੇਂ ਦੇ ਸੰਪਰਦਾਇਕ ਸਵਾਲਾਂ ਨੂੰ ਮੁਖ਼ਾਤਿਬ ਹੋਏ ਅਤੇ ਇਨ੍ਹਾਂ ਦੇ ਉਪਦੇਸ਼ਮੁਖੀ ਲਹਿਜ਼ੇ ਵਿੱਚ ਜਵਾਬ ਵੀ ਦਿੱਤੇ। ਉਨ੍ਹਾ ਆਦਰਸ਼ਕ ਸਿੱਖ ਬਣਨ ਦੀ ਉਪਦੇਸ਼ਕ ਭਾਵਨਾ ਤਹਿਤ ਪੱਛਮ ਦੇ ਨਾਵਲੀ ਰੂਪਾਕਾਰ ਨੂੰ ਅਪਣਾਇਆ ਅਤੇ ਨਾਰੀ ਨੂੰ ਪਹਿਲੇ ਪੰਜਾਬੀ ਨਾਵਲ ਦੀ ਨਾਇਕਾ ਬਣਾ ਕੇ ਅਚੇਤ ਤੌਰ 'ਤੇ ਇਤਿਹਾਸਕ ਕਾਰਜ ਵਿੱਢ ਦਿੱਤਾ। ਇਸ ਪਰੰਪਰਾ ਵਿੱਚ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਨਾਵਲਕਾਰਾਂ ਨੇ ਵੀ ਸਿੱਖ ਧਰਮ ਨੂੰ ਕੇਂਦਰ ਵਿੱਚ ਰੱਖ ਕੇ ਪੁਨਰ-ਸੁਰਜੀਤੀ, ਪ੍ਰਚਾਰ ਤੇ ਪ੍ਰਤੀਉੱਤਰ ਦੀ ਸਪੱਸ਼ਟ ਭਾਵਨਾ ਨਾਲ ਨਾਵਲ ਰਚੇ ਅਤੇ ਉਸ ਦੌਰ ਦੀ ਮੁੱਢਲੀ ਨਾਵਲ ਕਲਾ ਆਪਣੀ ਪ੍ਰਾਪਤੀਆਂ ਅਤੇ ਖਾਮੀਆਂ ਦੀ ਮਿੱਸੀ ਪਹੁੰਚ ਨਾਲ ਹੋਂਦ ਵਿੱਚ ਆਈ। ਪੰਜਾਬੀ ਨਾਵਲ ਪਰੰਪਰਾ ਦੇ ਦੂਜੇ ਦੌਰ ਵਿੱਚ ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਆਦਿ ਲੇਖਕ ਧਰਮ ਦੀ ਥਾਂ ਸਮਾਜ ਨੂੰ ਕੇਂਦਰ ਬਣਾ ਕੇ ਰੋਮਾਂਸਵਾਦੀ ਆਦਰਸ਼ਵਾਦੀ ਨਾਵਲ ਸਿਰਜਦੇ ਹਨ। ਇਸ ਦੌਰ ਵਿੱਚ ਪੰਜਾਬੀ ਨਾਵਲ ਆਪਣੀ ਰੂਪਕਾਰ ਹੋਂਦ ਦੇ ਧੁੰਦਲੇਪਨ ਤੋਂ ਕਾਫੀ ਹੱਦ ਤੱਕ ਮੁਕਤ ਹੁੰਦਾ ਹੈ ਅਤੇ ਪੰਜਾਬੀ ਪਾਠਕਾਂ ਦਾ ਘੇਰਾ ਵਿਸ਼ਾਲ ਕਰਦਾ ਹੈ। 1960 ਤੋਂ ਬਾਅਦ ਪੰਜਾਬੀ ਨਾਵਲ ਅਹਿਮ ਮੋੜਾ ਕੱਟਦਾ ਹੈ ਅਤੇ ਗੁਰਦਿਆਲ ਸਿੰਘ ਵਰਗੇ ਨਾਵਲਕਾਰਾਂ ਦੇ ਪ੍ਰਵੇਸ਼ ਨਾਲ ਨਾਵਲੀ ਬਿਰਤਾਂਤ ਉੱਤੇ ਪਸਰਿਆ ਰੁਮਾਂਸਵਾਦੀ ਗੁਬਾਰ ਛਟ ਜਾਂਦਾ ਹੈ। ਸਮਾਜ ਸੁਧਾਰ ਪ੍ਰਤੀ ਰੁਮਾਂਸਿਕ ਆਦਰਸ਼ਵਾਦੀ ਲਹਿਜ਼ੇ ਵਾਲੀ ਤਰਦੀ-ਤਰਦੀ ਸਿੱਖਿਆ ਦੀ ਥਾਂ ਜ਼ਿੰਦਗੀ ਦਾ ਗਹਿਗੱਚ ਯਥਾਰਥ ਨਾਵਲ ਨੂੰ ਚਿੰਤਨੀ ਨੀਝ ਪ੍ਰਦਾਨ ਕਰਦਾ ਹੈ। ਗੁਰਦਿਆਲ ਸਿੰਘ ਤੋਂ ਪਹਿਲਾਂ ਸੁਰਿੰਦਰ ਸਿੰਘ ਨਰੂਲਾ (ਪਿਉ-ਪੁੱਤਰ), ਸੰਤ ਸਿੰਘ ਸੇਖੋਂ (ਲਹੂ ਮਿੱਟੀ) ਅਤੇ ਗੁਰਚਰਨ ਸਿੰਘ (ਵਗਦੀ ਸੀ ਰਾਵੀ) ਨਾਲ ਇਸ ਪਰੰਪਰਾ ਦੀ ਨੀਂਹ ਰੱਖ ਦਿੰਦੇ ਹਨ, ਜਿਸ ਨੂੰ ਗੁਰਦਿਆਲ ਸਿੰਘ (ਮੜ੍ਹੀ ਦਾ ਦੀਵਾ) ਪੱਕੇ ਪੈਰੀਂ ਕਰ ਦਿੰਦਾ ਹੈ। ਇਸ ਸਮੇਂ ਪੰਜਾਬੀ ਨਾਵਲ ਵਿੱਚ ਨਾਇਕ ਦੀ ਪ੍ਰਤੀਕੂਲ ਸਥਿਤੀਆਂ ਉੱਤੇ ਆਪਣੀ ਬੁਲੰਦ ਸ਼ਖ਼ਸੀਅਤ ਦਾ ਜਾਦੂ ਧੂੜਨ ਵਾਲੀ ਰੂੜੀ ਗਾਇਬ ਹੋ ਜਾਂਦੀ ਹੈ ਅਤੇ ਨਾਇਕ ਦੀ ਥਾਂ ਨਾਵਲੀ ਬਿਰਤਾਂਤ ਦਾ ਕੇਂਦਰੀ ਪਾਤਰ ਆਪਣੀ ਲਘੂ ਹੋਂਦ ਦੇ ਬਲਬੂਤੇ ਵਿਰਾਟ ਵਸਤੂ ਯਥਾਰਥ ਨਾਲ ਭਿੜਦਾ ਆਪਣੀ ਸੀਮਾ ਤੇ ਸਮਰੱਥਾ ਅਧੀਨ ਵਿਚਰਦਾ ਹੈ। ਇਹ ਸਮਾਂ ਦੇਸ਼ ਦੀ ਆਜ਼ਾਦੀ ਸਮੇਤ ਲੋਕ ਪੱਖੀ ਲਹਿਰਾਂ ਨਾਲ ਮਨਭਾਉਂਦੇ ਨਤੀਜੇ ਨਾ ਹਾਸਿਲ ਹੋਣ ਤੋਂ ਉਪਜੀ ਮਨੁੱਖੀ ਬੇਗਾਨਗੀ ਤੇ ਅਜਨਬੀ ਬੋਧ ਦਾ ਹੈ, ਜਿਸ ਦੀ ਇਕ ਤੰਦ ਦੂਜੇ ਵਿਸ਼ਵ ਯੁੱਧ ਉਪਰੰਤ ਫੈਲੀ ਆਲਮੀ ਨਿਰਾਸ਼ਾ ਤੇ ਮਨੁੱਖ ਦੇ ਅਸਤਿਤਵ ਬੋਧ ਦੇ ਸੰਕਟਾਂ ਨਾਲ ਜੁੜੀ ਹੈ। ਇਸ ਦੇ ਸਮਾਨਅੰਤਰ ਤੇ ਉੱਤਰ ਕਾਲ ਵਿੱਚ ਪ੍ਰਗਤੀਵਾਦੀ ਯਥਾਰਥਵਾਦੀ ਨਾਵਲਾਂ ਵਿੱਚ ਨਾਰੀ ਚੇਤਨਾ, ਸ਼ਹਿਰੀ ਮੱਧਵਰਗੀ ਜੀਵਨ, ਦਲਿਤ ਚੇਤਨਾ, ਨਿਮਨ ਕਿਸਾਨੀ ਸੰਕਟ ਅਤੇ ਪਰਵਾਸੀ ਜੀਵਨ ਦੇ ਸਰੋਕਾਰ ਉਭਰਵੇਂ ਰੂਪ ਵਿੱਚ ਸ਼ਾਮਿਲ ਹੁੰਦੇ ਹਨ। ਅੱਸੀਵੇਂ ਦੇ ਪੰਜਾਬ ਸੰਕਟ ਦੇ ਦੌਰ ਦਾ ਪੰਜਾਬੀ ਨਾਵਲ ਆਪਣੀ ਮਾਨਵਵਾਦੀ ਤੇ ਉਦਾਰਵਾਦੀ ਪਹੁੰਚ ਨਾਲ ਸਰਕਾਰ ਅਤੇ ਵੱਖਵਾਦੀ ਧਿਰਾਂ ਦੇ ਦਮਨ ਵਿੱਚ ਫਸੀ ਲੋਕਾਈ ਦੇ ਦਰਦ ਨੂੰ ਪੇਸ਼ ਕਰਦਾ ਹੈ। 1990 ਤੋਂ ਬਾਅਦ ਦੇ ਆਰਥਕ ਵਿਸ਼ਵੀਕਰਨ ਦੇ ਦੌਰ ਤੋਂ ਕੋਰੋਨਾ ਕਾਲ ਤੱਕ ਦਾ ਪੰਜਾਬੀ ਨਾਵਲ ਬਸਤੀਵਾਦੀ ਸਮੇਂ ਦੀ ਨਾਵਲੀ ਸਿਰਜਣਾ ਨੂੰ ਨਵੇਂ ਪ੍ਰਸੰਗਾਂ ਵਿੱਚ ਸੁਰਜੀਤ ਕਰ ਦਿੰਦਾ ਹੈ। ਸਾਮਰਾਜੀ ਬਸਤੀਵਾਦੀ ਦੌਰ ਦੇ ਦਮਨ ਨੂੰ ਜਿੱਥੇ ਪੰਜਾਬੀ ਨਾਵਲ ਨੇ ਸਿੱਖ ਇਤਿਹਾਸ ਦੇ ਆਦਰਸ਼ਕ ਪ੍ਰਤੀਮਾਨਾਂ ਦੇ ਪ੍ਰਤੀਉੱਤਰ ਵਜੋਂ ਪੇਸ਼ ਕੀਤਾ, ਉੱਥੇ ਹੀ ਉੱਤਰ ਬਸਤੀਵਾਦੀ ਦੌਰ ਦੀ ਨਾਵਲੀ ਸਿਰਜਣਾ ਨੇ ਆਪਣੇ ਵਿਸ਼ਲੇਸ਼ਣੀ ਤੇ ਖੋਜ ਮੂਲਕ ਸੁਭਾਅ ਨਾਲ ਇਤਿਹਾਸ, ਮਿਥਿਹਾਸ ਅਤੇ ਪੰਜਾਬੀ ਸਮਾਜਿਕ ਤੋਰ ਨੂੰ ਸਥਾਪਤ ਅਰਥਾਂ ਦੀ ਮਿੱਥ ਤੋਂ ਉਲਟਾ ਕੇ ਪੇਸ਼ ਕੀਤਾ ਹੈ। ਪੁਨਰ ਸੁਰਜੀਤੀ ਤੋਂ ਸਮਕਾਲ ਦੇ ਪੁਨਰ ਵਿਸ਼ਲੇਸ਼ਣ ਵਾਲੇ ਯਾਤਰਾ ਪੜਾਅ 'ਤੇ ਪੁੱਜੀ ਨਾਵਲੀ ਬਿਰਤਾਂਤ ਪਰੰਪਰਾ ਦੇ ਅਨੇਕਾਂ ਥੀਮਿਕ ਪਾਸਾਰ ਹਨ, ਜਿਨ੍ਹਾਂ ਵਿੱਚ ਦਰਸ਼ਨ, ਇਤਿਹਾਸ, ਲੋਕਧਾਰਾ, ਨਾਬਰੀ, ਸਦਮੇ, ਵਿਸਥਾਪਨ ਸਮੇਤ ਮਾਨਵੀ ਹੋਂਦ ਦੇ ਹੋਰ ਮਸਲੇ ਅਹਿਮ ਹਨ। ਵਿਸ਼ੇਗਤ ਵਿਭਿੰਨਤਾ ਪੱਖੋਂ ਕਿਸਾਨੀ ਸੰਕਟ, ਨਾਰੀ ਚਿੰਤਨ, ਮੱਧਵਰਗੀ ਦੰਭ, ਨਵ-ਪਰਵਾਸ, ਥਰਡ ਜੈਂਡਰ, ਦਲਿਤ ਚੇਤਨਾ ਆਦਿ ਮੁੱਦੇ ਭਾਰੂ ਹਨ। ਮੌਜੂਦਾ ਦੌਰ ਦੇ ਨਾਵਲ ਵਿੱਚ ਵਰਤਮਾਨ ਸਮਿਆਂ ਦੀ ਕਰੂਰਤਾ ਦਾ ਸਿੱਧਾ ਪ੍ਰਤੀਕਰਮ ਵੀ ਹੈ, ਜੋ ਕਿ ਸੂਚਨਾਮੁੱਖਤਾ ਅਤੇ ਫਲੈਟ ਬਿਰਤਾਂਤਕਾਰੀ ਤੋਂ ਅੱਗੇ ਨਹੀਂ ਤੁਰ ਨਹੀਂ ਰਿਹਾ, ਪਰ ਇਸ ਕਰੂਰਤਾ ਦੇ ਦਾਬੇ ਹੇਠਾਂ ਆਪਣੇ ਅਤੀਤ ਦੇ ਇਤਿਹਾਸ, ਮਿਥਿਹਾਸ ਅਤੇ ਦਰਸ਼ਨ ਪ੍ਰਤੀ ਵਿਸ਼ਲੇਸ਼ਣੀ ਮੁਦਰਾ ਵਾਲਾ ਨਾਵਲੀ ਪ੍ਰਵਚਨ ਹਨੇਰੇ ਵਿੱਚ ਆਉਂਦੀ ਲਿਸ਼ਕ ਵਾਂਗ ਰਜਿਸਟਰ ਹੋ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਨਾਵਲ ਨੇ ਆਪਣੇ ਰੂਪਾਕਾਰ ਅਤੇ ਬਿਰਤਾਂਤਕ ਪ੍ਰਤੱਖਣ ਦੇ ਪਰੰਪਰਕ ਢਾਂਚੇ ਨੂੰ ਵੀ ਤੋੜਿਆ ਹੈ। ਜਸਵੀਰ ਮੰਡ (ਆਖਰੀ ਬਾਬੇ), ਪਾਲੀ ਭੁਪਿੰਦਰ (ਕਿੱਸਾ ਰੌਕੀ ਰੇਸ਼ਮਾ), ਮਨਮੋਹਨ (ਸਹਿਜ ਗੁਫਾ ਮਹਿ ਆਸਣ), ਬਲਵੀਰ ਮਾਧੋਪੁਰੀ (ਮਿੱਟੀ ਬੋਲ ਪਈ), ਬਲਬੀਰ ਪਰਵਾਨਾ (ਬਹੁਤ ਸਾਰੇ ਚੁਰੱਸਤੇ) ਵਰਗੇ ਪ੍ਰੌੜ੍ਹ ਅਨੁਭਵੀ ਲੇਖਕਾਂ ਨੇ ਆਪਣੀਆਂ ਕੁਝ ਨਾਵਲੀ ਕ੍ਰਿਤਾਂ ਨਾਲ ਪੰਜਾਬੀ ਨਾਵਲ ਨੂੰ ਇਕ ਕੱਥ ਅਤੇ ਵੱਥ ਪੱਖੋਂ ਨਿਵੇਕਲਾ ਉਛਾਲ ਦਿੱਤਾ ਹੈ। ਨਵੇਂ ਨੌਜਵਾਨਾਂ ਲੇਖਕਾਂ ਅਤੇ ਹੋਰ ਵਿਧਾਵਾਂ ਤੋਂ ਨਾਵਲ ਵਿੱਚ ਪ੍ਰਵੇਸ਼ ਕਰਨ ਵਾਲੇ ਲੇਖਕਾਂ ਨੇ ਵੀ ਪੰਜਾਬੀ ਨਾਵਲੀ ਪ੍ਰਵਚਨਕਾਰੀ ਨੂੰ ਨਵੀ ਜ਼ੁਬਿਸ਼ ਦਿੱਤੀ ਹੈ।

ਇਸ ਸਾਲ ਪ੍ਰਕਾਸ਼ਤ ਹੋਏ ਪੰਜਾਬੀ ਨਾਵਲਾਂ ਵਿੱਚੋਂ ਜ਼ਿਆਦਾਤਰ ਨਾਵਲ ਨਾਰੀਵਾਦੀ ਚੇਤਨਾ ਅਧੀਨ ਪੰਜਾਬੀ ਔਰਤ ਦੇ ਨਾਰੀਤਵ ਨਾਲ ਜੁੜੇ ਸਵਾਲਾਂ ਨੂੰ ਮੁਖ਼ਾਤਿਬ ਹੋਏ ਹਨ, ਪਰ ਇਨ੍ਹਾਂ ਵਿੱਚ ਮਰਦ ਵਿਰੋਧੀ ਖੁੰਦਕ, ਬੇਲੋੜੀ ਉਗਰਤਾ ਅਤੇ ਰੈਡੀਕਲ ਤਰ੍ਹਾਂ ਦੀ ਸਤਹੀ ਪ੍ਰਵਚਨਕਾਰੀ ਭਾਰੂ ਰਹੀ ਹੈ। ਕੁਝ ਅਪਵਾਦ ਦੇ ਬਾਵਜੂਦ ਔਰਤ ਮਰਦ ਧਿਰਾਂ ਦੀ ਫਲੈਟ ਬਿਰਤਾਂਤਕਾਰੀ ਪੰਜਾਬੀ ਨਾਵਲਕਾਰਾਂ ਦੇ ਮੋਢਿਆਂ 'ਤੇ ਬੈਤਾਲ ਬਣ ਕੇ ਬੈਠ ਗਈ ਹੈ। ਇਸ ਦੇ ਬਾਵਜੂਦ ਹਰਵਿੰਦਰ ਭੰਡਾਲ ਦਾ ਮਨੋਵਿਗਿਆਨਕ ਨਾਵਲ 'ਧੁੱਪ ਛਾਂ ਦੇ ਖ਼ਤ' ਇਸ ਰੁਝਾਨ ਨੂੰ ਕੁਝ ਹੱਦ ਤੱਕ ਤੋੜ ਕੇ ਜਿੱਥੇ ਮੱਧ ਵਰਗੀ ਔਰਤ ਨੂੰ ਮਰਦ ਦੀ ਥਾਂ ਮਰਦਾਵੀਂ ਪਿੱਤਰ ਸੱਤਾ ਦੀ ਛਾਂ ਹੇਠਾਂ ਸਿਸਕਦੇ ਜੀਵਨ ਵੱਜੋਂ ਚਿਤਰਦਾ ਹੈ, ਉੱਥੇ ਹੀ ਨਾਵਲ ਦੀ ਬਿਰਤਾਂਤਕ ਪੇਸ਼ਕਾਰੀ ਵਿੱਚ ਵੀ ਨਵਾਂ ਪ੍ਰਯੋਗ ਕਰਦਾ ਹੈ। ਇਹ ਨਾਵਲ ਪੰਜਾਬ ਦੇ ਦਿਹਾਤੀ ਅਤੇ ਸ਼ਹਿਰੀ ਮੱਧ ਵਰਗੀ ਪਰਵਾਰਾਂ ਵਿੱਚ ਔਰਤ ਦੀ ਹਾਸ਼ੀਅਤ ਸਥਿਤੀ 'ਤੇ ਕੇਂਦਰਤ ਹੈ। ਨਾਵਲੀ ਬਿਰਤਾਂਤ ਮਰਦ ਪ੍ਰਧਾਨ ਸਮਾਜਕ ਬਣਤਰਾਂ ਵਿੱਚ ਨਾਰੀ ਵਰਗ ਦੇ ਹੁੰਦੇ ਆ ਰਹੇ ਦਮਨ ਨੂੰ ਖ਼ਤੋ-ਕਿਤਾਬਤ ਦੀ ਵਿਧੀ ਦੁਆਰਾ ਚਿੰਤਨੀ ਲਹਿਜ਼ੇ ਦੀ ਸੂਖਮਤਾ ਵਿੱਚ ਫੜਦਾ ਹੈ। ਇਹ ਨਾਵਲ ਭਾਰਤੀ ਸਮਾਜ ਦੀ ਪਿੱਤਰੀ ਸੱਤਾ ਵਿੱਚ ਔਰਤ ਪ੍ਰਤੀ ਮਰਦ ਦੇ ਬਸਤੀਵਾਦੀ ਵਿਵਹਾਰ ਉੱਤੇ ਸਵਾਲੀਆ ਨਿਸ਼ਾਨ ਲਾਉਂਦਾ ਹੈ। ਨਾਵਲ ਦੇ ਤਿੰਨ ਹਿੱਸਿਆਂ ਵਿੱਚ ਤਿੰਨ ਔਰਤਾਂ ਵੱਲੋਂ ਆਪਣੇ ਸਕੂਲ/ ਕਾਲਜ ਦੇ ਪੁਰਾਣੇ ਅਧਿਆਪਕਾਂ ਨੂੰ ਖ਼ਤ ਲਿਖੇ ਜਾਂਦੇ ਹਨ। ਨਾਵਲ ਦੇ ਇਹ ਤਿੰਨੋਂ ਨਾਰੀ ਪਾਤਰ ਪਿੱਤਰੀ ਸੱਤਾ ਵਿੱਚ ਸਬਰ ਤੇ ਜਬਰ ਨਾਲ ਪਥਰਾ ਗਈ ਔਰਤ ਜ਼ਿੰਦਗੀ ਦੇ ਬੁਲਾਰੇ ਹਨ, ਜਿਨ੍ਹਾਂ ਦੁਆਰਾ ਲੇਖਕ ਨੇ ਘਰ, ਪਰਵਾਰ, ਰਿਸ਼ਤਾ ਪ੍ਰਬੰਧ ਅਤੇ ਤਮਾਮ ਮਾਨਵ ਸਿਰਜਤ ਸੰਸਥਾਵਾਂ ਵਿੱਚ ਔਰਤ ਦੀ ਦੂਜੈਲੀ ਹੋਂਦ ਨੂੰ ਨਾਰੀ ਪੁਜ਼ੀਸ਼ਨ ਦੇ ਤਿੰਨ ਭਿੰਨ-ਭਿੰਨ ਉਚਾਰਾਂ ਤੋਂ ਪੇਸ਼ ਕਰਕੇ ਨਾਵਲ ਦੀ ਰਚਨਾ ਸ਼ੈਲੀ ਵਿੱਚ ਨਵਾਂ ਪ੍ਰਯੋਗ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਕਤ ਨਾਰੀ ਪਾਤਰ ਸਹਿਪਾਠੀ ਜੀਵਨ ਦੀਆਂ ਸਹੇਲੀਆਂ ਕ੍ਰਮਵਾਰ ਕੁਲਜੀਤ, ਦਿਵਿਆ ਅਤੇ ਨੇਹਾ ਹਨ, ਜਿਨ੍ਹਾਂ ਦੇ ਖ਼ਤੋ ਉਚਾਰ ਉਨ੍ਹਾਂ ਦੀ ਸਵੈ ਹੋਂਦ ਬਾਰੇ ਚਿੰਤਨੀ ਸੂਝ-ਬੂਝ, ਸੁਜੱਗਤਾ ਅਤੇ ਜਾਗਰੂਕਤਾ ਦੇ ਪ੍ਰਮਾਣ ਹਨ। ਨਾਵਲਕਾਰ ਕੋਲ ਸਮਾਜਿਕ ਵਿਸੰਗਤੀਆਂ ਨੂੰ ਨਾਰੀ ਕੋਣ ਤੋਂ ਦੇਖਣ ਵਾਲੀ ਚਿੰਤਨੀ ਨੀਝ ਅਤੇ ਇਸ ਨੀਝ ਨੂੰ ਪ੍ਰਗਟਾਉਣ ਵਾਲੀ ਮੁਲਾਂਕਣੀ ਸੁਰ ਵਾਲੀ ਨਿਆਰੀ ਭਾਸ਼ਾ ਸ਼ੈਲੀ ਹੈ, ਜਿਸ ਨਾਲ ਇਹ ਨਾਵਲ ਔਰਤ ਮਨ ਦੇ ਇਕਪਾਸੜ ਉਚਾਰ, ਗੌਣ ਪਾਤਰਾਂ ਦੇ ਧੁੰਦਲੇਪਨ ਅਤੇ ਵਿਚਾਰਾਂ ਦੇ ਭਾਸ਼ਣੀ ਦੁਹਰਾਅ ਵਾਲੇ ਕਲਾ ਐਬਾਂ ਦੇ ਬਾਵਜੂਦ ਆਪਣੀ ਪੜ੍ਹਨਯੋਗਤਾ ਦੀ ਗੰਭੀਰਤਾ ਨੂੰ ਟੁੱਟਣ ਨਹੀਂ ਦਿੰਦੇ। ਭੰਡਾਲ ਦਾ ਨਾਵਲ ਹਿੰਦੀ ਦੇ ਪ੍ਰਸਿੱਧ ਲੇਖਕ ਕ੍ਰਿਸ਼ਨ ਬਲਦੇਵ ਵੈਦ ਦੇ ਨਾਵਲ 'ਇਕ ਨੌਕਰਾਨੀ ਕੀ ਡਾਇਰੀ' ਵਰਗਾ ਕਥਾ ਸੁਹਜ ਬਰਕਰਾਰ ਰੱਖਦਾ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਬਲਦੇਵ ਸਿੰਘ ਸੜਕਨਾਮਾ ਇਸ ਸਾਲ 'ਮੈਂ ਮਿੱਟੀ ਨਹੀਂ' ਨਾਵਲ ਦੁਆਰਾ ਆਪਣੀ ਸਾਲਾਨਾ ਵਾਲੀ ਹਾਜ਼ਰੀ ਭਰਦਾ ਹੈ। ਔਰਤ ਨੂੰ ਮਿੱਟੀ ਦੇ ਅਬਲਾ ਰੂਪ ਵਾਲੇ ਪ੍ਰਤੀਕ ਤੋਂ ਤੋੜ ਕੇ ਉਸ ਦੀ ਉਗਰ, ਚਿੰਤਨੀ ਤੇ ਵਿਦਰੋਹੀ ਰੂਪ ਵਿੱਚ ਚਿਤਰਣ ਵਾਲੀ ਐਲਾਨੀਆ ਸੁਰ ਨਾਵਲ ਵਿੱਚ ਹਾਵੀ ਰਹਿੰਦੀ ਹੈ। ਬਲਦੇਵ ਸਿੰਘ ਦਾ ਇਹ ਨਾਵਲ ਆਪਣੇ ਸਿਰਲੇਖ ਤੋਂ ਹੀ ਵਿਚਾਰਾਂ ਦੀ ਨਿਸ਼ਚੇਵਾਦੀ ਧੁਨੀ ਪੈਦਾ ਕਰਦਾ ਸਮੁੱਚੀ ਟੈਕਸਟ ਨੂੰ ਇਕਸੁਰੀ ਬਣਾਈ ਰੱਖਦਾ ਹੈ। ਨਾਵਲ ਦਾ ਬਿਰਤਾਂਤ ਭ੍ਰਿਸ਼ਟ ਰਾਜਨੀਤੀ ਤੇ ਲੰਗੜੀ ਸਿੱਖਿਆ ਪ੍ਰਣਾਲੀ ਦੇ ਭੰਵਰ ਵਿੱਚ ਦਿਸ਼ਾਹੀਣ ਹੋ ਕੇ ਗੁੰਮਰਾਹ ਹੁੰਦੀ ਨੌਜਵਾਨ ਪੀੜ੍ਹੀ, ਨਸ਼ੇ, ਗੌਂਗਵਾਰ ਸਮੇਤ ਉਨ੍ਹਾਂ ਤਮਾਮ ਜਗੀਰੂ ਅਵੈੜਾਂ ਨੂੰ ਪੇਸ਼ ਕਰਦਾ ਹੈ, ਜਿਨ੍ਹਾਂ ਨੂੰ ਵਰਤਮਾਨ ਦੇ ਉਪਭੋਗਤਾਵਦੀ ਯੁੱਗ ਵਿੱਚ ਯੁਵਾ ਪੀੜ੍ਹੀ ਵੱਲੋਂ ਕਿਸੇ ਸ਼ਾਨਾਮੱਤੀ ਰਵਾਇਤ ਵਾਂਗ ਗਲੋਰੀਫਾਈ ਕੀਤਾ ਜਾ ਰਿਹਾ ਹੈ। ਕਾਲਜ ਵਿੱਚ ਅਸ਼ੋਕ ਬੱਤਰਾ ਤੇ ਗੋਲਡੀ ਰੰਧਾਵਾ ਦੇ ਧੜੇ ਦੀ ਦੁਸ਼ਮਣੀ ਵਿੱਚ ਸੁਰਮਣੀ ਨਾਂਅ ਦੀ ਲੜਕੀ ਪਾਤਰ ਰੇਪ ਦੀ ਸ਼ਿਕਾਰ ਹ�و ਜਾਂਦੀ ਹੈ। ਸੁਰਮਣੀ ਦੀ ਵਿਚਾਰਕ ਤੇ ਭਾਵੁਕ ਸੁਰ ਆਪਣੇ ਸਹਿਪਾਠੀ ਮੇਘਰਾਜ ਨਾਲ ਜੁੜਦੀ ਹੈ, ਬੇਸ਼ੱਕ ਇਹ ਪਿਆਰ ਸਫਲ ਨਹੀਂ ਹੁੰਦਾ, ਪਰ ਮੇਘਰਾਜ ਦਾ ਆਦਰਸ਼ਕ ਪਾਤਰ ਬਿੰਬ ਦਲਿਤ ਸਸ਼ਕਤੀਕਰਨ ਦੀ ਮਿਸਾਲ ਬਣ ਕੇ ਉਭਰਦਾ ਹੈ। ਸੁਰਮਣੀ ਨਾਲ ਜਬਰ-ਜਿਨਾਹ ਕਰਨ ਵਾਲੇ ਅਨਸਰ ਪੁਲਸ ਤੰਤਰ ਤੇ ਸੱਤਾ ਸਿਆਸਤ ਦੇ ਭ੍ਰਿਸ਼ਟ ਗਠਜੋੜ ਕਰਕੇ ਕਾਨੂੰਨ ਤੋਂ ਬਚੇ ਰਹਿੰਦੇ ਹਨ ਤੇ ਸੁਰਮਣੀ ਆਪਣਾ ਵਿਆਹੁਤਾ ਜੀਵਨ ਵੀ ਦਮਨ ਤੇ ਮਰਦਾਵੀਂ ਧੌਂਸ ਵਿੱਚ ਗੁਜ਼ਾਰਦੀ ਹੈ। ਲੇਖਕ ਨੇ ਸੁਰਮਣੀ ਨੂੰ ਉਸ ਦੀ ਸੀਮਾ ਤੇ ਸਮਰੱਥਾ ਵਿੱਚ ਮਰਦਾਵੀਂ ਪਿੱਤਰ ਸੱਤਾ ਨਾਲ ਸੰਘਰਸ਼ ਕਰਨ ਵਾਲੇ ਨਾਰੀ ਪਾਤਰ ਵਜੋਂ ਪੇਸ਼ ਕਰਨਾ ਚਾਹਿਆ ਹੈ। ਬਲਦੇਵ ਸਿੰਘ ਦੇ ਕਈ ਨਾਵਲ ਵਸਤੂ ਯਥਾਰਥ ਦੀ ਗਹਿਰ-ਗੰਭੀਰਤਾ ਵਿੱਚ ਉੱਤਰਨ ਦੀ ਥਾਂ ਇਨ੍ਹਾਂ ਦੇ ਸਤਹੀ ਵਰਨਣ ਤੇ ਪੱਤਰਕਾਰੀ ਨੁਮਾ ਰਿਪੋਰਟਿੰਗ ਤੱਕ ਫੈਲ

ਅਣਜਨਮਿਆ ਬੱਚਾ ਔਰਤ ਦੀ ਕੁੱਖ ਵਿਚਲੇ ਭਰੂਣ ਵਾਂਗ ਪੱਕਣਾ ਚਾਹੀਦਾ ਹੈ ਤਾਂ ਜੋ ਲਹੂ-ਪਸੀਨਾ ਇੱਕ ਕਰਕੇ ਜੰਮਣ ਪੀੜਾਂ ਸਹਿ ਕੇ ਉਸ ਨੂੰ ਜਨਮ ਦਿੱਤਾ ਜਾ ਸਕੇ ਕੋਈ ਕਿਤਾਬ ਇਸ ਤਰ੍ਹਾਂ ਨਾਲ ਲਿਖੀ ਜਾਂਦੀ ਹੈ।

-ਰਸੂਲ ਹਮਜ਼ਾਤੋਵ

2023 ਦਾ ਪੰਜਾਬੀ ਨਾਟਕ/ਬਾਲ ਸਾਹਿਤ

ਪੰਜਾਬੀ ਰੰਗਮੰਚ 2023 : ਇਕੱਲ ਅਭਿਨੈ ਤੇ ਨਾਟ-ਮੇਲਿਆਂ ਵੱਲ ਵਧਦਾ ਰੁਝਾਨ

ਡਾ. ਹਰਪ੍ਰੀਤ ਸਿੰਘ

ਇਸ ਵਰ੍ਹੇ ਦਾ ਪੰਜਾਬੀ ਰੰਗਮੰਚ ਨਾਟ-ਮੇਲਿਆਂ, ਇਕੱਲ ਅਭਿਨੈ ਨਾਟਕਾਂ, ਨਾਟ ਵਰਕਸ਼ਾਪਾਂ, ਪਿੰਡ-ਪਿੰਡ, ਸ਼ਹਿਰ-ਸ਼ਹਿਰ ਆਡੀਟੋਰੀਅਮਾਂ ਤੇ ਖੁੱਲ੍ਹੇ ਮੰਚਾਂ ਰਾਹੀਂ ਦਰਸ਼ਕਾਂ ਵਿੱਚ ਵਿਚਰਦਾ ਰਿਹਾ ਅਤੇ ਦਰਜਨ ਤੋਂ ਵਧੇਰੇ ਕਿਤਾਬਾਂ ਦੇ ਪ੍ਰਕਾਸ਼ਨ ਨਾਲ਼ ਪਾਠਕਾਂ ਦੇ ਮਨ ਮੰਚ 'ਤੇ ਦਸਤਕ ਦਿੰਦਾ ਨਜ਼ਰੀਂ ਆਇਆ ਹੈ। ਸਾਡੇ ਰੰਗਮੰਚ ਵਿੱਚ ਜਿੱਥੇ ਸੈਂਕੜੇ ਰੰਗਕਰਮੀ ਅਦਾਕਾਰ ਅਤੇ ਨਿਰਦੇਸ਼ਕ ਕਾਰਜਸ਼ੀਲ ਹਨ, ਉਥੇ ਕੁਝ ਨਵੇਂ ਅਦਾਕਾਰ ਹਰ ਸਾਲ ਦੀ ਤਰ੍ਹਾਂ ਆਮ ਵਰਤਾਰੇ ਵਾਂਗ ਰੰਗਮੰਚ ਨਾਲ਼ ਜੁੜਦੇ ਨਜ਼ਰ ਆਏ, ਪਰ ਬੜੇ ਅਫਸੋਸ ਨਾਲ਼ ਲਿਖਣਾ ਪੈ ਰਿਹਾ ਕਿ ਸਾਡਾ ਬੜਾ ਹਰਮਨਪਿਆਰਾ ਨਾਟਕਕਾਰ ਮਾਸਟਰ ਤਰਲੋਚਨ ਸਿੰਘ ਇੱਕ ਸੜਕ ਹਾਦਸੇ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਉਸ ਦੀਆਂ ਲਿਖੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚੋਂ 'ਸਾੜ੍ਹਸਤੀ' ਨਾਟਕ ਉਸ ਦਾ ਹਾਸਲ ਹੈ। ਇਸ ਨਾਟਕ ਦੇ ਦੋ ਦਹਾਕਿਆਂ ਤੱਕ ਸੈਂਕੜੇ ਮੰਚਣ ਹੋਏ। ਇਸ ਤੋਂ ਇਲਾਵਾ ਉਸ ਨੇ ਪੰਜਾਬੀ ਰੰਗਮੰਚ ਵਿੱਚ ਕੋਰੀਓਗ੍ਰਾਫੀ ਦੀ ਪਿਰਤ ਪਾਈ। ਤਰਕਸ਼ੀਲ ਲਹਿਰ ਵਿੱਚ ਉਸ ਨੇ ਆਪਣੇ ਨਾਟਕਾਂ ਅਤੇ ਕੋਰੀਓਗ੍ਰਾਫੀਆਂ ਰਾਹੀਂ ਵੱਡਮੁੱਲਾ ਯੋਗਦਾਨ ਪਾਇਆ ਹੈ। ਸਾਡੇ ਇਸ ਸਿਰੜੀ ਨਾਟਕਕਾਰ ਨੂੰ ਸਮੁੱਚਾ ਪੰਜਾਬੀ ਰੰਗ ਜਗਤ ਨਮ ਅੱਖਾਂ ਨਾਲ਼ ਸ਼ਰਧਾਂਜਲੀ ਪੇਸ਼ ਕਰਦਾ ਹੈ।

ਇਸ ਵਰ੍ਹੇ ਪੰਜਾਬੀ ਰੰਗਮੰਚ ਵਿੱਚ ਨਾਟ-ਮੇਲਿਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ, ਜਿਨ੍ਹਾਂ ਰੰਗਕਰਮੀ ਨਿਰਦੇਸ਼ਕਾਂ ਨੇ ਉੱਦਮ ਕਰਕੇ ਨਾਟ ਮੇਲੇ ਆਯੋਜਿਤ ਕੀਤੇ ਹਨ। ਆਓ, ਉਨ੍ਹਾਂ ਦੇ ਕਾਰਜ ਉੱਤੇ ਇੱਕ ਝਾਤ ਪਾਉਂਦੇ ਹਾਂ :-ਮੰਚ ਰੰਗਮੰਚ ਅੰਮ੍ਰਿਤਸਰ ਵੱਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿੱਚ 'ਮੈਂ ਰੋ ਨਾ ਲਵਾਂ ਇੱਕ ਵਾਰ', ' ਬਸੰਤੀ ਚੋਲਾ', 'ਖੂਨੀ ਵਿਸਾਖੀ', 'ਦੁਸ਼ਮਣ', 'ਹੀਰ ਸੁੰਨੜ' ਆਦਿ ਨਾਟਕਾਂ ਦੀਆਂ ਪੰਜਾਬ ਅਤੇ ਇਸ ਤੋਂ ਬਾਹਰ ਪੇਸ਼ਕਾਰੀਆਂ ਹੁੰਦੀਆਂ ਰਹੀਆਂ। ਮੰਚ ਰੰਗਮੰਚ ਅੰਮ੍ਰਿਤਸਰ ਵੱਲੋਂ 22ਵੀਂ ਨੈਸ਼ਨਲ ਥੀਏਟਰ ਵਰਕਸ਼ਾਪ 6 ਜੂਨ ਤੋਂ 6 ਜੁਲਾਈ ਤੱਕ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਵਿੱਚ 'ਮਿੱਟੀ ਨਾ ਹੋਏ ਮਤਰੇਈ' ਤੇ 'ਹੀਰ ਸੁੰਨੜ' ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿੱਚ, ਸ਼ੇਕਸਪੀਅਰ ਦਾ 'ਦ ਟੈਂਪਸ' ਮੂਕ ਅਭਿਨੈ ਸ਼ੈਲੀ ਵਿੱਚ ਪਰਥੋ ਬੈਨਰਜੀ ਦੀ ਨਿਰਦੇਸ਼ਨਾ ਵਿੱਚ ਅਤੇ ਸ਼ੇਕਸਪੀਅਰ ਦਾ 'ਸੌਦਾਗਰ' ਨਾਟਕ ਪ੍ਰੀਤਪਾਲ ਰੁਪਾਣਾ ਦੀ ਨਿਰਦੇਸ਼ਨਾ ਵਿੱਚ ਮੰਚਿਤ ਹੋਏ।

ਇਸ ਵਰ੍ਹੇ 20ਵਾਂ ਥੀਏਟਰ ਫੈਸਟੀਵਲ ਵੀ ਕੇਵਲ ਧਾਲੀਵਾਲ ਵੱਲੋਂ ਆਯੋਜਿਤ ਕੀਤਾ ਗਿਆ। ਇਸ ਥੀਏਟਰ ਫੈਸਟੀਵਲ ਵਿੱਚ 'ਅਦਾਕਾਰ' (ਨਿਰਦੇਸ਼ਕ ਕੇਵਲ ਧਾਲੀਵਾਲ), 'ਗ਼ਾਲਿਬ ਐਟ ਕੁਅਰਨਟਾਈਨ' (ਅਭਿਸ਼ੇਕ ਭਾਰਤੀ), 'ਸੰਮਾਂ ਵਾਲ਼ੀ ਡਾਂਗ' (ਡਾ. ਸਾਹਿਬ ਸਿਘ), 'ਅਫਸਾਨਾ' (ਸ਼ਾਰਦਾ) ਅਤੇ 'ਡਾਕ ਘਰ' (ਸ਼ੇਖ ਖੈਰੂਦੀਨ) ਨਾਟਕ ਪੇਸ਼ ਹੋਏ।

ਬਠਿੰਡਾ ਵਿੱਚ ਨਾਟਿਅਮ ਦੇ ਬੈਨਰ ਹੇਠ ਕੀਰਤੀ ਕਿਰਪਾਲ ਵੱਲੋਂ ਨੈਸ਼ਨਲ ਥੀਏਟਰ ਫੈਸਟੀਵਲ ਆਯੋਜਿਤ ਹੋਇਆ। ਇਸ ਮੇਲੇ ਵਿੱਚ 'ਪੰਚਲਾਈਟ' (ਲੇਖਕ-ਭਨੀਸ਼ਵਰ ਨਾਥ ਰੇਨੂੰ, ਨਿਰਦੇਸ਼ਕ-ਵਿਕਾਸ ਸ਼ਰਮਾ), 'ਦਾਵਤ-ਏ-ਚੀਫ' (ਲੇਖਕ ਭੀਸ਼ਨ ਸਾਹਨੀ, ਨਿਰਦੇਸ਼ਕ- ਗੌਰਵ ਦੀਪਕ), '12 ਐਂਗਰੀ ਮੂਨ' (ਲੇਖਕ-ਰੀਜਿਨਾਲਡ ਰੋਜ਼, ਨਿਰਦੇਸ਼ਕ- ਵਿਸ਼ਾਲ ਵਿਜੇ), 'ਰੇਤਰੋ' (ਲੇਖਕ-ਅਲੈਗਜ਼ੈਂਡਰ ਗਲਿਨ, ਨਿਰਦੇਸ਼ਕ-ਰਵੀ ਤਨੇਜਾ), 'ਯਯਾਤੀ' (ਲੇਖਕ-ਗਰੀਸ਼ ਕਰਨਾਡ, ਬਲੇਂਦਰ ਸਿੰਘ), 'ਸਰਦਾਰ ਚਾਪ ਸਿੰਘ' (ਲੇਖਕ-ਦਾਦਾ ਲਖਮੀ ਚੰਦ, ਨਿਰਦੇਸ਼ਕ-ਵਿਸ਼ਨੂੰ ਦੱਤ), 'ਦੁਪਹਿਰ' (ਲੇਖਕ-ਸ਼੍ਰੀਕਾਂਤ ਵਰਮਾ, ਨਿਰਦੇਸ਼ਕ-ਸੌਰਭ ਅਨੰਤ), 'ਬੈਂਡ ਮਾਸਟਰ' (ਲੇਖਕ-ਪਰੀਮਲ ਦੱਤਾ, ਨਿਰਦੇਕ-ਅਜੇ ਮੁਖਰਜੀ) ਅਤੇ ਡੈਡ'ਜ਼ ਗਰਲ ਫਰੈਂਡ' (ਨਿਰਦੇਸ਼ਕ-ਕੀਰਤੀ ਕਿਰਪਾਲ) ਨਾਟਕ ਮੰਚਿਤ ਹੋਏ।

ਸੁਦੇਸ਼ ਸ਼ਰਮਾ ਦੇ ਨਾਟ ਗਰੁੱਪ 'ਥੀਏਟਰ ਫਾਰ ਥੀਏਟਰ' ਵੱਲੋਂ ਇਸ ਵਰ੍ਹੇ ਚੰਡੀਗੜ੍ਹ ਵਿਖੇ 18ਵਾਂ ਥੀਏਟਰ ਫੈਸਟੀਵਲ ਆਯੋਜਿਤ ਕੀਤਾ ਗਿਆ। 30 ਰੋਜ਼ਾ ਇਹ ਮੇਲਾ ਪੰਜਾਬ ਅਤੇ ਚੰਡੀਗੜ੍ਹ ਵਿੱਚ ਸਾਰੇ ਨਾਟ ਮੇਲਿਆਂ ਤੋਂ ਵੱਡਾ ਹੈ। ਇਸ ਵਿੱਚ ਹਿੰਦੀ, ਪੰਜਾਬੀ ਅਤੇ ਮਰਾਠੀ ਭਾਸ਼ਾ ਦੇ ਨਾਟਕ ਪੇਸ਼ ਹੋਏ। ਪੰਜਾਬੀ ਵਿੱਚ ਬਨਿੰਦਰਜੀਤ ਬਨੀ ਦੁਆਰਾ ਨਿਰਦੇਸ਼ਤ ਅਜਮੇਰ ਔਲਖ ਲਿਖਤ 'ਝਨਾਂ ਦੇ ਪਾਣੀ', ਕੇਵਲ ਧਾਲੀਵਾਲ ਦੁਆਰਾ ਨਿਰਦੇਸ਼ਤ 'ਮਿੱਟੀ ਨਾ ਹੋਏ ਮਤਰੇਈ', ਨਾਹਰ ਸਿੰਘ ਔਜਲਾ ਲਿਖਤ ਲੱਖਾ ਲਹਿਰੀ ਦੁਆਰਾ ਨਿਰਦੇਸ਼ਤ 'ਕੈਨੇਡਾ ਦਾ ਲੱਡੂ', ਅਸ਼ਵਨੀ ਸਾਵਨ ਲਿਖਤ 'ਹਿੰਦ ਦੀ ਚਾਦਰ' ਅਤੇ ਚਰਨ ਸਿੰਘ ਸਿੰਧਰਾ ਲਿਖਤ 'ਸ਼ਹੀਦ ਊਧਮ ਸਿੰਘ' ਸੁਰੇਸ਼ ਸ਼ਰਮਾ ਦੁਆਰਾ ਨਿਰਦੇਸ਼ਤ ਨਾਟਕ ਪੇਸ਼ ਹੋਏ।

ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਇਸ ਵਾਰ ਅਨੀਤਾ-ਸ਼ਬਦੀਸ਼ ਦਾ ਨਾਟਕ 'ਵਕਤ ਤੈਨੂੰ ਸਲਾਮ', ਬ੍ਰੈਖਤ ਦਾ ਨਾਟਕ, ਜਿਸ ਦਾ ਪੰਜਾਬੀ ਲੋਕ ਸੰਗੀਤ ਧੁਨਾਂ 'ਤੇ ਆਧਾਰਤ ਰੂਪਾਂਤਰਣ ਅਮਿਤੋਜ ਨੇ 'ਮਿੱਟੀ ਨਾ ਹੋਵੇ ਮਤਰੇਈ' ਸਿਰਲੇਖ ਹੇਠ ਕੀਤਾ ਸੀ, ਉਹ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿੱਚ ਅਤੇ ਡਾ. ਸਾਹਿਬ ਸਿੰਘ ਦਾ ਸਵੈ-ਰਚਿਤ ਤੇ ਨਿਰਦੇਸ਼ਤ ਇੱਕ ਅਦਾਕਾਰੀ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆਂ' ਪੇਸ਼ ਹੋਏ।

ਸੁਚੇਤਕ ਰੰਗਮੰਚ ਮੁਹਾਲੀ ਦੇ ਬੈਨਰ ਹੇਠ ਅਨੀਤਾ ਤੇ ਸ਼ਬਦੀਸ਼ ਦੀ ਜੋੜੀ ਵੱਲੋਂ ਹਰ ਸਾਲ ਆਯੋਜਿਤ ਕੀਤੇ ਜਾਂਦੇ ਗੁਰਸ਼ਰਨ ਸਿੰਘ ਨਾਟ ਉਤਸਵ ਦਾ ਐਤਕੀਂ ਚੌਦਵਾਂ ਵਰ੍ਹਾ ਸੀ। ਇਸ ਮੇਲੇ ਵਿੱਚ ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਕੁਲਵਿੰਦਰ ਖਹਿਰਾ ਦਾ ਲਿਖਤ ਤੇ ਰਜਿੰਦਰ ਸਿੰਘ ਨਿਰਦੇਸ਼ਤ 'ਮੈਂ ਕਿਤੇ ਨਹੀਂ ਗਿਆ', ਅਨੀਤਾ-ਸ਼ਬਦੀਸ਼ ਵੱਲੋਂ ਇੱਕ ਅਦਾਕਾਰੀ ਨਾਟਕ 'ਗੁੰਮਸ਼ੁਦਾ ਔਰਤ' ਤੇ 'ਮਨ ਮਿੱਟੀ ਦਾ ਬੋਲਿਆ' ਅਤੇ ਚੰਡੀਗੜ੍ਹ ਸਕੂਲ ਆਫ ਡਰਾਮਾ ਵੱਲੋਂ ਗੁਰਸ਼ਰਨ ਸਿੰਘ ਲਿਖਤ ਤੇ ਇਕੱਤਰ ਸਹੋਤਾ ਨਿਰਦੇਸ਼ਤ 'ਸਰਪੰਚ ਸਰਪੰਚਣੀ' ਨਾਟਕ ਪੇਸ਼ ਹੋਏ। ਇਸ ਨਾਟ ਮੇਲੇ ਤੋਂ ਇਲਾਵਾ ਇਸ ਮੰਚ ਵੱਲੋਂ ਅਨੀਤਾ-ਸ਼ਬਦੀਸ਼ ਦੀ ਨਿਰਦੇਸ਼ਨਾ ਵਿੱਚ ਨਾਟਕਕਾਰ ਗੁਰਸ਼ਰਨ ਸਿੰਘ ਦੇ ਜਨਮ ਦਿਨ ਉੱਤੇ ਵਿਸ਼ੇਸ਼ ਮਿਲਣੀ ਦੌਰਾਨ ਨਾਟਕ 'ਘਰ ਵਾਪਸੀ' ਦਾ ਮੰਚਣ ਕੀਤਾ ਗਿਆ।

ਨੌਵਾਂ ਨੌਰਾ ਰਿਚਰਡਜ਼ ਸੱਤ ਰੋਜ਼ਾ ਥੀਏਟਰ ਫੈਸਟੀਵਲ ਸਾਰਥਕ ਰੰਗਮੰਚ ਪਟਿਆਲਾ ਵੱਲੋਂ ਡਾ. ਲੱਖਾ ਲਹਿਰੀ ਦੀ ਅਗਵਾਈ ਵਿੱਚ ਹੋਇਆ। ਇਸ ਮੇਲੇ ਵਿੱਚ ਸਾਰਥਕ ਰੰਗਮੰਚ ਵੱਲੋਂ ਨਾਟਕ 'ਕੈਨੇਡਾ ਦਾ ਲੱਡੂ' (ਨਾਹਰ ਔਜਲਾ) ਨਿਰਦੇਸ਼ਕ ਲੱਖਾ ਲਹਿਰੀ, ਸੁਚੇਤਕ ਰੰਗਮੰਚ ਮੁਹਾਲੀ ਵੱਲੋਂ 'ਗੁੰਮਸ਼ੁਦਾ ਔਰਤ' (ਲੇਖਕ-ਸ਼ਬਦੀਸ਼ ਤੇ ਨਿਰਦੇਸ਼ਕ-ਅਨੀਤਾ ਸ਼ਬਦੀਸ਼), 'ਸਈਆਂ ਭਏ ਕੋਤਵਾਲ' (ਨਿਰਦੇਸ਼ਕ-ਵਿਸ਼ਵ ਦੀਪਕ ਤ੍ਰੇਖਾ), 'ਸ਼ਹੀਦ ਊਧਮ ਸਿੰਘ ਆਜ਼ਾਦ (ਲੇਖਕ-ਚਰਨ ਸਿੰਘ ਸਿੰਧਰਾ ਤੇ ਨਿਰਦੇਸ਼ਕ-ਸੁਦੇਸ਼ ਸ਼ਰਮਾ), 'ਈਡੀਪਸ 2.0 (ਲੇਖਕ-ਦਵਿੰਦਰ ਗਿੱਲ, ਅੰਕੁਸ਼ ਸ਼ਰਮਾ ਤੇ ਨਿਰਦੇਸ਼ਕ-ਅੰਕੁਸ਼ ਸ਼ਰਮਾ), 'ਪਾਰਕ' (ਲੇਖਕ-ਮਾਨਵ ਕੌਲ ਤੇ ਨਿਰਦੇਸ਼ਕ-ਮੋਹਿਤ ਮਿਸ਼ਰਾ), 'ਰਾਹਾਂ ਵਿੱਚ ਅੰਗਿਆਰ ਬੜੇ ਸੀ' (ਲੇਖਕ ਤੇ ਨਿਰਦੇਸ਼ਕ-ਰਾਜਵਿੰਦਰ ਸਮਰਾਲਾ, ਅਦਾਕਾਰਾ ਨੂਰ ਕਮਲ) ਨਾਟਕ ਮੰਚਿਤ ਹੋਏ।

ਫਿਰਦੌਸ ਰੰਗਮੰਚ ਫਰੀਦਕੋਟ ਵੱਲੋਂ ਪੰਜ ਰੋਜ਼ਾ ਨਾਟ ਫੈਸਟੀਵਲ ਕਰਵਾਇਆ ਗਿਆ। ਇਸ ਵਿੱਚ 'ਆਵਾਜ਼ਾਂ' (ਰਚਨਾ ਤੇ ਨਿਰਦੇਸ਼ਕ-ਬਲਵਿੰਦਰ ਬੁੱਲਟ) 'ਰਾਹਾਂ ਵਿੱਚ ਅੰਗਿਆਰ ਬੜੇ ਸੀ', 'ਮਾਲਵਿਕਾ ਅਗਨੀਮਿਤਰਮ' (ਰਚਨਾ-ਕਾਲੀਦਾਸ, ਨਿਰਦੇਸ਼ਕ-ਰਜਿੰਦਰ ਬੁੱਲਟ), 'ਉੱਠ ਜਵਾਨਾਂ' (ਰਚਨਾ/ ਨਿਰਦੇਸ਼ਨ-ਰਜਿੰਦਰ ਬੁੱਲਟ) ਅਤੇ 'ਮੈਂ ਰੋ ਨਾ ਲਵਾਂ ਇੱਕ ਵਾਰ' (ਰਚਨਾ/ ਨਿਰਦੇਸ਼ਨ -ਕੇਵਲ ਧਾਲੀਵਾਲ) ਨਾਟਕ ਮੰਚਿਤ ਹੋਏ।

ਨਾਟਸ਼ਾਲਾ ਵਿੱਚ ਲਗਾਤਾਰ ਨਾਟ ਪੇਸ਼ਕਾਰੀਆਂ ਹੋ ਰਹੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਯੁਵਕ ਭਲਾਈ ਵਿਭਾਗ ਆਪਣੇ ਮਹੀਨਾਵਾਰੀ ਪ੍ਰੋਗਰਾਮ 'ਮੰਗਲ ਕਾਮਨਾ' ਵਿੱਚ ਪੰਜਾਬ ਦੀਆਂ ਚਰਚਿਤ ਨਾਟ ਪੇਸ਼ਕਾਰੀਆਂ ਕਰਵਾਉਂਦਾ ਆ ਰਿਹਾ ਹੈ।

ਬਾਬਾ ਸ਼ੇਖ ਫਰੀਦ ਨੈਸ਼ਨਲ ਪੰਜਾਬੀ ਥੀਏਟਰ ਫੈਸਟੀਵਲ, ਜੋ 1998 ਵਿੱਚ ਸ਼ੁਰੂ ਹੋਇਆ ਸੀ। ਇਹ ਮੇਲਾ ਆਪਣੇ ਸ਼ੁਰੂਆਤੀ ਦੌਰ ਵਿੱਚ ਚਾਰ-ਚਾਰ ਦਿਨਾਂ 28-30 ਨਾਟ ਪੇਸ਼ਕਾਰੀਆਂ ਦਰਸ਼ਕਾਂ ਦੇ ਰੂਬਰੂ ਕਰਦਾ ਸੀ। ਇਹ ਅੱਜਕੱਲ੍ਹ ਮਹਿਜ਼ ਦੋ ਨਾਟ ਪੇਸ਼ਕਾਰੀਆਂ ਤੱਕ ਸੀਮਤ ਹੋ ਗਿਆ ਹੈ। ਇਸ ਵਾਰ ਇਸ ਵਿੱਚ ਕੀਰਤੀ ਕਿਰਪਾਲ ਅਤੇ ਭੁਪਿੰਦਰ ਉਤਰੇਜਾ ਦੇ ਨਾਟਕ ਮੰਚਿਤ ਹੋਏ।

ਦਸਤਕ ਥੀਏਟਰ ਅੰਮ੍ਰਿਤਸਰ ਦਾ ਤੀਜਾ ਸੱਤ ਰੋਜ਼ਾ ਨੈਸ਼ਨਲ ਥੀਏਟਰ ਫੈਸਟੀਵਲ ਹੋਇਆ, ਜਿਸ ਵਿੱਚ 7 ਨਾਟਕ ਪੇਸ਼ ਹੋਏ। ਕਲਾ ਮੰਡਲ ਨਵੀਂ ਦਿੱਲੀ ਵੱਲੋਂ 'ਨੁਗਰਾ ਕਾ ਤਮਾਸ਼ਾ', ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ 'ਮੈਂ ਕਿਤੇ ਨਹੀਂ ਗਿਆ', ਨਾਟਿਅਮ ਬਠਿੰਡਾ ਵੱਲੋਂ 'ਡੈਡ'ਜ ਗਰਲ ਫਰੈਂਡ', ਆਜ਼ਾਦ ਭਗਤ ਸਿੰਘ ਵਿਰਾਸਤ ਮੰਚ 'ਇੰਡੀਆ ਗੇਟ', 'ਯੁਵਾ ਥੀਏਟਰ ਵੱਲੋਂ 'ਈਡੀਪਸ 2.0' ਰੰਗਸ਼ੀਸ਼ ਜੈਪੁਰ ਵੱਲੋਂ 'ਸਿੰਘਾਸਨ ਖਾਲੀ ਹੈ' ਅਤੇ ਮੰਡੀ ਹਿਮਾਚਲ ਵੱਲੋਂ 'ਧੂਮ ਕਾ ਏਕ ਟੁਕੜਾ' ਨਾਟਕ ਪੇਸ਼ ਹੋਏ।

ਨਟਰੰਗ ਅਬੋਹਰ ਦਾ ਨਾਟ ਮੇਲਾ : ਨਟਰੰਗ ਅਬੋਹਰ ਵੱਲੋਂ ਉਨ੍ਹਾਂ ਦੀ ਆਪਣੀ ਟੀਮ ਵੱਲੋਂ ਭੁਪਿੰਦਰ ਉਤਰੇਜਾ ਲਿਖਤ ਅਤੇ ਹਨੀ ਉਤਰੇਜਾ ਨਿਰਦੇਸ਼ਨ 'ਜੀ ਆਇਆਂ ਨੂੰ', 'ਸੋਮਪਾਲ ਹੀਰਾ ਵੱਲੋਂ ਇੱਕ ਅਦਾਕਾਰੀ 'ਭਾਸ਼ਾ ਵਹਿੰਦਾ ਦਰਿਆ' ਅਤੇ ਗੌਰਵ ਵਿੱਜ ਦੀ ਨਿਰਦੇਸ਼ਨਾ ਹੇਠ 'ਚੁਲਬੁਲਾ ਚੈਖਵ' ਨਾਟ ਪੇਸ਼ਕਾਰੀਆਂ ਹੋਈਆਂ।

ਮਹਾਂਸ਼ਕਤੀ ਕਲਾ ਮੰਦਰ ਬਰਨਾਲਾ, ਜੋ ਕਿ ਪਿਛਲੇ ਲਗਭਗ 25 ਸਾਲਾਂ ਤੋਂ ਨਾਟ ਮੁਕਾਬਲਿਆਂ ਰਾਹੀਂ ਨਵੇਂ ਰੰਗਕਰਮੀਆਂ ਲਈ ਆਪਣਾ ਮੰਚ ਪ੍ਰਦਾਨ ਕਰਦਾ ਆ ਰਿਹਾ ਹੈ, ਇਸ ਵਾਰ ਵੀ ਇਸ ਮੇਲੇ ਨੇ ਆਪਣੀਆਂ ਰਵਾਇਤ ਨੂੰ ਕਾਇਮ ਰੱਖਿਆ। ਪਿਛਲੇ ਕੁਝ ਸਾਲਾਂ ਤੋਂ ਭਾਸ਼ਾ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਉੱਤੇ 'ਵਿਸ਼ਵ ਰੰਗਮੰਚ ਦਿਵਸ' ਅਤੇ ਭਾਸ਼ਾ ਸਪਤਾਹ ਦੇ ਮੌਕੇ ਨਾਟ ਪੇਸ਼ਕਾਰੀਆਂ ਕਰਵਾਈਆਂ ਜਾ ਰਹੀਆਂ ਹਨ।

ਉਪਰੋਕਤ ਨਾਟ ਮੇਲਿਆਂ ਤੋਂ ਬਿਨਾਂ ਵੱਖ-ਵੱਖ ਰੰਗਕਰਮੀ ਗਰੁੱਪਾਂ ਦੀਆਂ ਪੇਸ਼ਕਾਰੀਆਂ ਦੇ ਪ੍ਰਾਪਤ ਵੇਰਵੇ ਕੁਝ ਇਸ ਤਰ੍ਹਾਂ ਹਨ: ਸਰਘੀ ਕਲਾ ਕੇਂਦਰ ਮੁਹਾਲੀ ਵੱਲੋਂ ਸੰਜੀਵਨ ਲਿਖਤ ਅਤੇ ਨਿਰਦੇਸ਼ਤ ਨਾਟਕ 'ਜਹਾਜ਼' ਦਾ ਮੰਚਣ ਹੋਇਆ। ਰੰਗਸ਼ਾਲਾ ਗਰੁੱਪ ਆਫ ਆਰਟਸ ਬਠਿੰਡਾ ਨੇ ਅਮਨਦੀਪ ਮੋਨੀ ਦੀ ਨਿਰਦੇਸ਼ਨਾ ਵਿੱਚ ਗੁਰਤੇਜ ਪੰਡਤ ਦੇ ਲਿਖੇ ਨਾਟਕ 'ਮੁਕਤੀਸਰ' ਦਾ ਮੰਚਣ ਕੀਤਾ ਗਿਆ। ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਵਿੱਚ 'ਪਰਿੰਦੇ ਭਟਕ ਗਏ', ਗੁਰਮੀਤ ਕੜਿਆਲਵੀ ਦੀ ਕਹਾਣੀ 'ਦਰੋਣਾਚਾਰੀਆ' 'ਤੇ ਆਧਾਰਤ 'ਵਿਦਰੋਹੀ', 'ਅੱਲੜ੍ਹ ਉਮਰਾਂ ਘੁੱਪ ਹਨੇਰੇ', 'ਪਾਉਣ ਪੈੜਾਂ ਜੋ ਪੈਰ', ਉੱਠਣ ਦਾ ਵੇਲਾ', 'ਮਾਤਾ ਧਰਤਿ ਮਹਤੁ' ਅਤੇ 'ਜੋ ਹਾਰਦੇ ਨਹੀਂ" ਨਾਟਕ ਮੰਚਿਤ ਹੋਏ। ਲੋਕ ਕਲਾ ਮੰਚ ਮੁੱਲਾਂਪੁਰ ਦੇ ਹੀ ਨਿਰਦੇਸ਼ਕ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾ ਵਿੱਚ 'ਪ੍ਰੇਤ', 'ਕੰਮੀਆਂ ਦਾ ਵਿਹੜਾ', 'ਨਵਾਂ ਜਨਮ', 'ਬਾਲਾ ਜਰਨੈਲ ਕਰਤਾਰ ਸਿੰਘ ਸਰਾਭਾ', 'ਇਹ ਲਹੂ ਕਿਸਦਾ ਹੈ' ਅਤੇ 'ਮੈਂ ਫਿਰ ਆਵਾਗਾਂ' ਨਾਟ ਪੇਸ਼ਕਾਰੀਆਂ ਹੋਈਆਂ। ਉਪਰੋਕਤ ਕਾਰਜ ਤੋਂ ਇਲਾਵਾ ਗੁਰਸ਼ਰਨ ਸਿੰਘ ਨਾਟ ਭਵਨ ਮੁੱਲਾਂਪੁਰ ਵਿਖੇ ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਨੇ ਮਹੀਨਾਵਾਰੀ ਨਾਟਕਾਂ ਦੀ ਲੜੀ ਪਿਛਲੇ ਕਈ ਸਾਲਾਂ ਤੋਂ ਸ਼ੁਰੂ ਕੀਤੀ ਹੋਈ ਹੈ। ਇਸ ਵਰ੍ਹੇ ਵੀ ਉਸ ਵਿੱਚ ਇਸ ਸਾਲ ਦੇ ਚਰਚਿਤ ਨਾਟਕ ਮੰਚਿਤ ਹੋਏ ਹਨ। ਰੰਗ ਹਰਜਿੰਦਰ ਦੀ ਨਿਰਦੇਸ਼ਨਾ ਵਿੱਚ ਨਾਟਕ 'ਪਤੰਗ ਵਾਲੀ ਡੋਰ' ਮੰਚਿਤ ਹੋਇਆ। ਮੰਚਪ੍ਰੀਤ ਨੇ ਆਪਣੀ ਨਿਰਦੇਸ਼ਨਾ ਵਿੱਚ 'ਉਧਾਰ ਪਤੀ' ਨਾਟਕ ਦਾ ਮੰਚਣ ਕੀਤਾ। ਦਿੱਲੀ ਵਿੱਚ ਰਵੀ ਤਨੇਜਾ ਦੀ ਨਿਰਦੇਸ਼ਨਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਾਖੀਆਂ 'ਤੇ ਆਧਾਰਿਤ ਮਲਟੀਮੀਡੀਆਂ ਸ਼

ਜੇ ਅਸੀਂ ਬਾਜ਼ ਨੂੰ ਬਾਜ਼ ਕਹੀਏ ਤਾਂ ਯਥਾਰਵਾਦ ਹੈ, ਪਰ ਜਦੋਂ ਅਸੀਂ ਕੁੱਕੜ ਨੂੰ ਬਾਜ਼ ਕਹਿੰਦੇ ਹਾਂ ਤਾਂ ਇਹ ਰੌਮਾਂਸਵਾਦ ਹੈ।

-ਰਸੂਲ ਹਮਜ਼ਾਤੋਵ

ਪੰਜ ਮਦਰੱਸਿਆਂ ਦਾ ਆਖਰੀ ਮੁਰਸ਼ਦ ਡਾ. ਫਰੈਂਕ

ਡਾ. ਲਾਭ ਸਿੰਘ ਖੀਵਾ

ਆਪਣੇ ਵਿਦਿਆਰਥੀ ਜੀਵਨ ਵਿੱਚ ਮੈਂ ਪੰਜ ਪਾਠਸ਼ਾਲਾਵਾਂ ਵਿੱਚ ਪੜ੍ਹਿਆ ਹਾਂ। ਅਮੂਮਨ ਇੱਕ ਵਿਦਿਆਰਥੀ ਉਚੇਰੀ ਸਿੱਖਿਆ ਲਈ ਤਿੰਨ ਵਿੱਦਿਅਕ ਸੰਸਥਾਵਾਂ ਵਿੱਚ ਦਾਖ਼ਲ ਹੁੰਦਾ ਹੈ। ਮੇਰੀ 'ਨਲਾਇਕੀ' ਨੇ ਪੰਜ ਮਦਰੱਸਿਆਂ ਵਿੱਚ ਪੜ੍ਹਨ ਦਾ ਮੌਕਾ ਮੁਹੱਈਆ ਕੀਤਾ। ਸਕੂਲ, ਕਾਲਜ ਤੇ ਤਿੰਨ ਯੂਨੀਵਰਸਿਟੀਆਂ ਵਿੱਚ 'ਪੰਜਾਬ ਮਦਰੱਸਿਆਂ' ਦੇ 'ਲੋਕਰਾਜੀ ਤਾਲਿਬਾਨ' ਵਜੋਂ ਤਾਲੀਮ ਹਾਸਲ ਕੀਤੀ। ਸਕੂਲ ਵਿੱਚ ਹੀ ਖੱਬੀ ਸੋਚ ਦਾ ਸਬਕ ਗਿਆਨੀ ਭਾਗ ਸਿੰਘ ਪੜ੍ਹਾ/ਰਟਾ ਚੁੱਕੇ ਸਨ। ਕਾਲਜ ਵਿੱਚ ਪ੍ਰੋ. ਗੁਰਬਚਨ ਸਿੰਘ ਤਾਂਘੀ ਨੇ ਸਾਹਿਤ ਦੀ ਉਚੇਰੀ ਪੜ੍ਹਾਈ ਲਈ ਹੱਲਾਸ਼ੇਰੀ ਦੀ ਚਿਣਗ ਲਾ ਦਿੱਤੀ ਸੀ। ਐੱਮ ਏ (ਪੰਜਾਬੀ) ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਦਾਖ਼ਲ ਹੋਇਆ, ਡਾ. ਰਵੀ ਨੇ ਬੋਚ ਲਿਆ। ਐੱਮ ਫਿਲ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 'ਚ ਰੂਸੋਂ ਮੁੜੇ ਡਾ. ਫਰੈਂਕ ਨੇ 'ਮਾਰਕਸਵਾਦੀ ਤਸਬੀ' ਫੜਾ ਦਿੱਤੀ। ਪੀ ਐੱਚ ਡੀ ਲਈ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਡਾ. ਅਤਰ ਸਿੰਘ ਨੇ ਮਾਨਵਵਾਦੀ 'ਵਜੂ' ਦੀ ਤਾਲੀਮ ਦਿੱਤੀ, ਜਿਸ ਵਿੱਚ ਕੁਝ ਛਿੱਟੇ ਅਸਤਿਤਵਾਦ/ਮਾਰਕਸਵਾਦ ਦੇ ਵੀ ਸਨ। ਇਨ੍ਹਾਂ ਪੰਜਾਂ ਮੁਰਸ਼ਦਾਂ ਦਾ ਮੇਰੇ ਅਕਾਦਮਿਕ ਜੀਵਨ ਵਿੱਚ ਵੱਡਾ ਯੋਗਦਾਨ ਹੈ। ਮੈਂ ਅੱਜ ਜੋ ਕੁਝ ਵੀ ਹਾਂ, ਇਸ ਯੋਗਦਾਨ ਦਾ ਲਘੂਤਮ ਹਾਂ। ਇਹ ਪੰਜੇ ਮੁਰਸ਼ਦ ਅੱਜ ਇਸ ਦੁਨੀਆ ਵਿੱਚ ਨਹੀਂ ਰਹੇ। ਡਾ. ਗੁਰਬਖਸ਼ ਸਿੰਘ ਫਰੈਂਕ ਇਸ ਦੁਨੀਆ ਤੋਂ ਰੁਖਸਤ ਲੈਣ ਵਾਲੇ ਮੇਰੇ ਆਖ਼ਰੀ ਗੁਰੂਦੇਵ ਸਨ। ਮਾਪਿਆਂ ਨੇ ਨਾਂਅ ਗੁਰਬਖ਼ਸ਼ ਸਿੰਘ ਰੱਖਿਆ ਸੀ, ਪਰ ਗੁਰੂਬਖ਼ਸ਼ ਤੇ ਫਰੈਂਕ ਨਾਂਅ ਉਨ੍ਹਾਂ ਦੀ ਆਪਣੀ ਕਮਾਈ ਸੀ। ਫਰੈਂਕ ਉਨ੍ਹਾਂ ਦੇ ਵਿਦਿਆਰਥੀ ਜੀਵਨ ਦੀ ਖੱਟੀ ਸੀ ਤੇ ਗੁਰੂਬਖਸ਼ ਉਨ੍ਹਾਂ ਦੀ ਪ੍ਰਤਿਭਾ ਦਾ ਵਰਦਾਨ ਸੀ। ਧੀਮੇਂ ਬੋਲਾਂ ਦੀ ਗਹਿਰਾਈ ਦਾ ਗਿਆਨ ਅਤੇ ਧੀਮੀ ਚਾਲ ਚੱਲਦਿਆਂ ਖ਼ਰਗੋਸ਼ ਤੋਂ ਵੀ ਅੱਗੇ ਨਿਕਲ ਜਾਣ ਦਾ ਵਿਸ਼ਵਾਸ

ਉਮਰ ਦੇ ਇੱਕ ਪੜਾਅ 'ਤੇ ਡਾ. ਫਰੈਂਕ ਅਤੇ ਹਰਦੇਵ ਕੌਰ

ਉਨ੍ਹਾਂ ਦੀ ਸ਼ਖਸੀਅਤ ਦਾ ਮੀਰੀ ਗੁਣ ਸੀ। ਜੇਕਰ ਉਨ੍ਹਾਂ ਦੇ ਕੀਤੇ ਅਨੁਵਾਦਿਤ ਕਾਰਜ ਮੌਲਿਕ ਲਿਖਤ ਦਾ ਭੁਲੇਖਾ ਪਾਉਂਦੇ ਹਨ ਤਾਂ ਪੰਜਾਬ ਦੇ ਭਾਸ਼ਾਈ ਤੇ ਸੱਭਿਆਚਾਰਕ ਮੁਹਾਵਰੇ ਦੀ ਗਹਿਨ ਸਮਝ ਦਾ ਉਨ੍ਹਾਂ ਨੂੰ ਮਖ਼ਸੂਸ ਅੰਤਰਬੋਧ ਸੀ। ਇਹ ਅੰਤਰਬੋਧ ਮੇਰੇ ਜ਼ਿਹਨ ਦੀਆਂ ਨਸਾਂ ਵਿੱਚ ਵੀ ਸ਼ਾਇਦ ਸੰਚਾਰਿਤ ਹੋਇਆ। ਇਹ ਕਵਿਤਾ ਉਸ ਸੰਚਾਰ ਦੀ ਉਪਜ ਹੈ:

ਹੇ ਮੇਰੇ ਗੁਰੂਦੇਵ !

ਹੇ ਮੇਰੇ ਗੁਰੂਦੇਵ ਗੁਰਬਖ਼ਸ਼
ਤੂੰ ਜੋ ਕੁਝ ਵੀ ਸੀ
ਮੈਨੂੰ ਨਹੀਂ ਇਲਮ,
ਕਿ ਤੈਨੂੰ ਕਿਹੜੇ ਗੁਰਾਂ ਦੀ ਬਖਸ਼ਿਸ਼ ਸੀ ?
ਮੇਰੇ ਮੁਰਸ਼ਿਦ/ਮੈਂ ਕੁਝ ਵੀ ਅੱਜ ਹਾਂ,
ਮੈਨੂੰ ਗਰਬ ਹੈ ਕਿ ਤੇਰੀਆਂ ਬਖਸ਼ਿਸ਼ਾਂ ਦੀ ਲੱਜ ਹਾਂ।
ਕਿਉਂ ਜੋ ਤੇਰੀ ਸ਼ਖ਼ਸੀਅਤ 'ਚ/ਵੱਖਰੀ ਕਸ਼ਿਸ਼ ਸੀ।
ਹੇ ਮੇਰੇ ਗੁਰੂਦੇਵ!
ਤੂੰ ਜਦੋਂ ਵੀ ਤੁਰਦਾ ਸੀ/ਬੜੇ ਬੋਚ-ਬੋਚ ਕੇ ਕਦਮ ਰੱਖਦਾ,
ਜਿਵੇਂ ਕੋਈ ਫੁੱਲਾਂ ਦੀ ਬਗੀਚੀ ਹੋਵੇ,
ਹਾਏ! ਕਿਸੇ ਕਲੀ ਨੂੰ ਠੇਸ ਨਾ ਲੱਗ ਜਾਵੇ।
ਤੂੰ ਜਦੋਂ ਵੀ ਬੋਲਦਾ/ਗਿਣਵੇਂ-ਤੁਲਵੇਂ ਸ਼ਬਦ ਹੁੰਦੇ,
ਜਿਵੇਂ ਕਿੱਧਰੇ ਪਾਸਕੂ ਨਾ ਵੱਜ ਜਾਵੇ।
ਹੇ ਮੇਰੇ ਗੁਰੂਦੇਵ!
ਤੂੰ ਜਦੋਂ ਵੀ ਕਲਾਸ-ਰੂਮ ਆਉਂਦਾ,
ਤੋਰ 'ਚ ਸਹਿਜ ਤੇ ਬੋਲਾਂ 'ਚ ਸੁਹਜ ਹੁੰਦਾ।
ਤੇ ਨਿੱਕੇ ਜਿਹੇ ਪੈੱਨ ਨਾਲ/ਹਾਜ਼ਰੀ ਲਾਉਂਦਾ।
ਧੀਮਾ-ਧੀਮਾ ਬੋਲ ਕੇ/ਥੋੜ੍ਹਾ-ਥੋੜ੍ਹਾ ਲਿਖਾਉਂਦਾ।
ਸਾਡੀ ਗੱਲ ਸੁਣਦਾ ਤੇ ਆਪਣੀ ਸੁਣਾਉਂਦਾ।
ਗਿਆਨ ਦਾ ਅਜਿਹਾ ਸਪਰੇਅ ਕਰਦਾ,
ਕਿ ਮਨ-ਮਸਤਕ 'ਚ/ਭ੍ਰਾਂਤੀਆਂ ਦੇ ਕੀਟ-ਪਤੰਗੇ,
ਮਾਰ ਮੁਕਾਉਂਦਾ।

ਹੇ ਮੇਰੇ ਗੁਰੂਦੇਵ!
ਤੈਨੂੰ ਠੰਢ ਬਹੁਤ ਲੱਗਦੀ
ਜਿਵੇਂ ਹੁਣੇ ਹੀ ਮਾਸਕੋ ਤੋਂ ਆਇਆ ਹੋਵੇਂ,
ਮੂੰਹ ਤੱਕ ਰਜਾਈ ਓੜ੍ਹੀ ਰੱਖਦਾ
ਜਿਵੇਂ ਬਰਫ਼ਾਂ ਦਾ ਜਾਇਆ ਹੋਵੇਂ।
ਤੇਰਾ ਕਾਠਾ ਤੇ ਮਜ਼ਬੂਤ ਜੁੱਸਾ,
ਭਾਰਾ ਤੇ ਚੌਕਦਾਰ ਟਵੀਡ ਕੋਟ,
ਮੋਟੀ ਗੰਢ ਵਾਲੀ ਮੈਚਿੰਗ ਟਾਈ,
ਦਮਕਦਾ ਚੌੜਾ ਮੱਥਾ/ਸੁੱਚਾ ਤੇ ਸੱਚਾ,
ਕਿਸੇ ਰੂਸੀ ਵਿਦਵਾਨ ਦਾ/ਜਿਵੇਂ ਕੋਈ ਸਾਇਆ ਹੋਵੇ।

ਹੇ ਮੇਰੇ ਗੁਰੂਦੇਵ!
ਮੈਂ ਸਮਝਦਾ ਹੁੰਦਾ ਸੀ/ਕਿ ਪੰਜਾਬੀ ਸੱਭਿਆਚਾਰ ਮਹਿਜ਼,
ਭੰਗੜੇ ਤੇ ਗਿੱਧੇ ਦੀਆਂ/ਲੰਮੀਆਂ ਬੋਲੀਆਂ ਦਾ ਰਾਗ ਹੁੰਦਾ ਹੈ,
ਜਾਂ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਹੁੰਦਾ ਹੈ।
"ਸੱਭਿਆਚਾਰ ਹਰ ਕੌਮ ਦੀ ਜੀਵਨ-ਜਾਚ ਹੁੰਦੈ",
ਇਹ ਤੂੰ ਹੀ ਪੱਲੇ ਪਾਇਆ।
"ਇਹ ਸੱਭਿਅਤਾ ਦੇ ਵਾਂਗ/ਗਤੀਸ਼ੀਲ ਵੀ ਹੁੰਦੈ",
ਤੂੰ ਹੀ ਪੜ੍ਹਾਇਆ।
"ਕੋਈ ਵੀ ਸੱਭਿਆਚਾਰ ਖ਼ਾਲਸ ਨਹੀਂ ਹੁੰਦਾ",
ਤੂੰ ਹੀ ਸਮਝਾਇਆ

ਹੇ ਮੇਰੇ ਗੁਰੂਦੇਵ!
ਤੂੰ ਆਪਣੇ ਨਾਂ ਮਗਰ/ਫਰੈਂਕ ਲਿਖਦਾ ਸੀ,
ਅੰਗਰੇਜ਼ੀ 'ਚ ਇਸਦੇ/ਅਰਥ ਬਹੁਤ ਲੱਭੇ।
ਪਰ ਤੇਰੇ ਚੁੱਪ ਜਿਹੇ/ਸੁਭਾਅ ਨੂੰ ਸੂਟ ਕਰਦਾ,
ਕੋਈ ਵੀ ਸ਼ਬਦ/ਵਾਜਬ ਨਾ ਲੱਗੇ।
ਇੱਕ ਮਲਵਈ ਕੋਸ਼/ਜਦੋਂ ਮੈਂ ਫਰੋਲਿਆ
ਕਿ ਫਰੈਂਕ ਦੇ ਮਾਅਨੇ/ਘੌਂਟ ਵੀ ਹੋ ਸਕਦੈ,
ਤੈਨੂੰ ਸੂਤ ਬਹਿੰਦਾ/ਇਹ ਸ਼ਬਦ ਟੋਲਿਆ।
"ਜੋ ਸਾਹਿਤ-ਚਿੰਤਨ 'ਚ ਘੌਂਟ,
ਖੋਜ-ਅਧਿਆਪਨ 'ਚ ਘੌਂਟ,
ਜੋ ਅਨੁਵਾਦ 'ਚ ਘੌਂਟ"
ਉਹ ਸੀ ਗੁਰਬਖ਼ਸ਼ ਸਿੰਘ ਫਰੈਂਕ....

 # ਸੰਪਰਕ : 94171-78487

ਸਫ਼ਾ 1 ਦੀ ਬਾਕੀ — ਸੁਹਜ, ਸਹਿਜ ਅਤੇ ਸਿਰੜ ਦੀ ਤ੍ਰਿਵੈਣੀ...

ਸਨ, ਜਿਨ੍ਹਾਂ ਦੇ ਕਾਰਜ ਨੇ ਪ੍ਰਗਤੀਵਾਦੀ ਆਲੋਚਨਾ ਦਾ ਉਹ ਇਤਿਹਾਸ ਸਿਰਜਿਆ ਹੈ, ਜੋ ਆਲੋਚਨਾ ਦੀ ਇਸ ਪੱਧਤੀ ਦੀ ਅਸਲ ਬੁਨਿਆਦ ਹੈ। ਵੱਡੇ ਰੂਸੀ ਸਾਹਿਤਕਾਰਾਂ ਦੀਆਂ ਸਿਰਜਨਾਤਮਿਕ ਲਿਖਤਾਂ ਨੂੰ ਪੰਜਾਬੀ ਪਾਠਕਾਂ ਦੇ ਮਨਾਂ ਵਿਚ ਵਸਾਉਣ ਦਾ ਅਦੁੱਤੀ ਕਾਰਜ ਕਰਨ ਦੇ ਨਾਲ-ਨਾਲ ਦਵੰਧਾਤਮਿਕ ਪਦਾਰਥਵਾਦ ਦੇ ਸਿਧਾਂਤ ਨਾਲ ਸੰਬੰਧਤ ਮੂਲ ਲਿਖਤਾਂ ਅਤੇ 'ਕਮਿਊਨਿਸਟ ਮੈਨੀਫੈਸਟੋ' ਵਰਗੀਆਂ ਗੁੰਝਲਦਾਰ ਲਿਖਤਾਂ ਰੌਚਕ ਪੰਜਾਬੀ ਵਿੱਚ ਅਨੁਵਾਦ ਕਰਨਾ, ਉਨ੍ਹਾਂ ਦੇ ਵਡਮੁੱਲੇ ਕਾਰਜਾਂ ਵਿੱਚੋਂ ਇਕ ਹੈ। ਪੰਜਾਬੀ ਨਿੱਕੀ ਕਹਾਣੀ ਦੀ ਬਣਤਰ ਅਤੇ ਬੁਣਤਰ ਦੀਆਂ ਪਰਤਾਂ ਨੂੰ ਫਰੋਲਣਾ, ਪੂਰਵਲੇ ਪ੍ਰਗਤੀਵਾਦੀ ਸਮੀਖਿਆਕਾਰਾਂ ਅਤੇ ਸੰਰਚਨਾਵਾਦੀਆਂ ਨਾਲ ਸੰਵਾਦ ਰਚਾਉਂਦੇ ਹੋਏ ਮਾਰਕਸਵਾਦੀ ਸੁਹਜ ਸ਼ਾਸਤਰ ਨੂੰ ਸਥਾਪਤ ਕਰਨ ਵੱਲ ਅਗਰਸਰ ਰਹਿਣਾ, ਉਨ੍ਹਾਂ ਦੀ ਵਿਸ਼ੇਸ਼ ਪਛਾਣ ਸੀ।

ਇਕ ਸਤੰਬਰ, 1935 ਨੂੰ ਅੰਮ੍ਰਿਤਸਰ ਵਿੱਚ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਸਰਦਾਰ ਪ੍ਰਤਾਪ ਸਿੰਘ ਦੇ ਘਰ ਜਨਮੇ ਡਾਕਟਰ ਫ਼ਰੈਂਕ ਅਤੇ ਸ੍ਰੀਮਤੀ ਹਰਦੇਵ ਕੌਰ ਦੀਆਂ ਦੋ ਸਪੁੱਤਰੀਆਂ ਜੀਨਾ ਅਤੇ ਵੀਨਾ ਹਨ। ਅੰਬਾਲਾ ਦੇ ਜੀ.ਐੱਨ.ਐੱਨ. ਕਾਲਜ ਦੋ ਪੰਜਾਬੀ ਪ੍ਰਾਅਧਿਆਪਕ ਵਜੋਂ ਸ਼ੁਰੂ ਹੋਇਆ ਉਨ੍ਹਾਂ ਦਾ ਅਕਾਦਮਿਕ ਸਫ਼ਰ ਡੀ.ਏ.ਵੀ. ਕਾਲਜ ਅਬੋਹਰ ਤੋਂ ਹੁੰਦਾ ਹੋਇਆ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੱਕ ਪਹੁੰਚਿਆ ਸੀ। ਇਸ ਦੇ ਵਿੱਚ-ਵਿਚਾਲੇ ਉਹ ਸੋਵੀਅਤ ਸੂਚਨਾ ਵਿਭਾਗ ਨਵੀਂ ਦਿੱਲੀ ਵਿਖੇ ਪ੍ਰੈੱਸ ਪਬਲੀਸਿਟੀ ਅਫ਼ਸਰ ਵੀ ਰਹੇ ਅਤੇ ਮਾਸਕੋ (1969-76) ਦੇ ਪ੍ਰਗਤੀ ਪ੍ਰਕਾਸ਼ਨ ਵਿਭਾਗ ਵਿੱਚ ਅਨੁਵਾਦਕ ਅਤੇ ਸੰਪਾਦਕ ਵੀ ਰਹੇ।

ਵੱਖ-ਵੱਖ ਭਾਰਤੀ ਭਾਸ਼ਾਵਾਂ ਦੀਆਂ ਕਹਾਣੀਆਂ ਅਨੁਵਾਦ ਕਰਨ ਕਰਕੇ ਉਨ੍ਹਾਂ ਨੂੰ 2011 ਦਾ ਭਾਰਤੀ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ ਵੀ ਮਿਲਿਆ ਸੀ। ਅੱਜ ਤੱਕ ਵੀ ਉਨ੍ਹਾਂ ਦੀ ਸਭ ਤੋਂ ਮਹੱਤਵਪੂਰਨ ਅਨੁਵਾਦਿਤ ਕਿਤਾਬ 'ਮੇਰਾ ਦਾਗ਼ਿਸਤਾਨ' ਮੰਨੀ ਜਾਂਦੀ ਹੈ। ਇਹ ਕਿਤਾਬ ਰਸੂਲ ਹਮਜ਼ਾਤੋਵ ਨੇ ਅਵਾਰ ਬੋਲੀ ਵਿੱਚ ਲਿਖੀ ਸੀ, ਜਿਸ ਨੂੰ 1967 ਵਿੱਚ ਵਲਾਦੀਮੀਰ ਸੋਲਿਊਖਿਨ ਨੇ ਰੂਸੀ ਭਾਸ਼ਾ ਵਿੱਚ ਅਨੁਵਾਦ ਕੀਤਾ ਅਤੇ ਡਾਕਟਰ ਫ਼ਰੈਂਕ ਨੇ ਇਹ ਕਿਤਾਬ 1971 ਵਿੱਚ ਰੂਸੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕੀਤੀ ਅਤੇ ਰਸੂਲ ਹਮਜ਼ਾਤੋਵ ਨੂੰ ਪੰਜਾਬੀ ਵਿੱਚ ਵੀ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਮਹਾਨ ਲੇਖਕ ਵਜੋਂ ਸਥਾਪਤ ਕਰ ਦਿੱਤਾ।

'ਮੇਰਾ ਦਾਗ਼ਿਸਤਾਨ' ਕਵਿਤਾ ਵਾਰਤਕ ਅਤੇ ਆਲੋਚਨਾ ਦੀ ਅਦਭੁੱਤ ਤ੍ਰਿਵੈਣੀ ਹੈ, ਜਿਸ ਨੂੰ ਸਾਹਿਤ ਦੀ ਕਿਸੇ ਵਿਧਾ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ... 'ਮੇਰਾ ਦਾਗ਼ਿਸਤਾਨ' ਵਾਂਗ ਹੀ ਡਾਕਟਰ ਗੁਰਬਖ਼ਸ਼ ਸਿੰਘ ਫ਼ਰੈਂਕ ਨੂੰ ਵੀ ਕਿਸੇ ਇਕ ਕੋਟੀ ਵਿੱਚ ਰੱਖ ਕੇ ਵਿਸ਼ਲੇਸ਼ਿਤ ਨਹੀਂ ਕੀਤਾ ਜਾ ਸਕਦਾ। ਉਹ ਕਦੇ ਫ਼ਿਲਾਸਫ਼ੀ ਕੀ ਹੈ ? ਦਾ ਰਚੇਤਾ ਹੈ, ਕਦੇ ਗ਼ਦਰ ਲਹਿਰ ਦੀ ਵਿਚਾਰਧਾਰਾ, ਜਥੇਬੰਦੀ ਅਤੇ ਰਣਨੀਤੀ ਦਾ ਵਿਆਖਿਆਕਾਰ ਹੈ, ਕਦੇ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਬਾਰੇ ਲਿਖੀਆਂ ਗਈਆਂ ਲਿਖਤਾਂ ਅਤੇ ਸੰਸਾਰ ਪ੍ਰਸਿੱਧ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਸਮਰੱਥ ਅਨੁਵਾਦਕ ਹੈ, ਅਤੇ ਕਦੇ ਉਹ ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰੀਭਾਸ਼ਾ ਦਾ ਸਭ ਤੋਂ ਪ੍ਰਮਾਣਿਕ ਸਿਰਜਕ ਹੈ। ਅਕਾਦਮਿਕ ਅਤੇ ਅਨੁਵਾਦ ਕਾਰਜਾਂ ਤੋਂ ਬਿਨਾਂ, ਉਹ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਵੀ ਰਹੇ ਸਨ ਅਤੇ ਡਾਕਟਰ ਬਿਕਰਮ ਸਿੰਘ ਘੁੰਮਣ ਨਾਲ ਮਿਲ ਕੇ ਉਨ੍ਹਾਂ ਨੇ ਇਸ ਸੰਸਥਾ ਨੂੰ ਪ੍ਰਫੁੱਲਿਤ ਕਰਨ ਅਤੇ ਚੰਗਾ ਸਾਹਿਤ ਛਾਪਣ ਵਿੱਚ ਵੀ ਵਡਮੁੱਲਾ ਯੋਗਦਾਨ ਪਾਇਆ ਸੀ।

... ਆਪਣੇ ਆਖ਼ਰੀ ਦਿਨਾਂ ਵਿਚ ਉਹ ਬਹੁਤ ਲੰਮਾ ਸਮਾਂ ਬਿਮਾਰੀ ਦੀ ਹਾਲਤ ਵਿੱਚ ਘਰ ਵਿੱਚ ਹੀ ਰਹੇ। 14 ਅਪ੍ਰੈਲ, 2022 ਨੂੰ ਉਨ੍ਹਾਂ ਦੇ ਚਲੇ ਜਾਣ ਦੀ ਖ਼ਬਰ ਆ ਗਈ ... ।

... ਮੇਰੇ ਮਨ ਉੱਤੇ ਉਨ੍ਹਾਂ ਦਾ ਪ੍ਰਭਾਵ ਇਕ ਅਜਿਹੀ ਪੱਕੀ ਧੁਨ ਵਾਲੀ, ਸਹਿਜ ਅਤੇ ਸਿਰੜੀ ਸ਼ਖ਼ਸੀਅਤ ਵਾਲਾ ਹੈ, ਜੋ ਜੰਗਲ ਦੇ ਸ਼ੇਰ ਵਿੱਚ ਵੀ, ਆਪਣੇ ਆਦਰਸ਼ਾਂ ਅਤੇ ਵਿਚਾਰਾਂ ਦੇ ਜਲੌਅ ਵਾਲੇ ਸ਼ੇਰ-ਚਿਹਰੇ ਨਾਲ, ਮਸਤ ਹਾਥੀ ਦੀ ਚਾਲ ਚੱਲ ਸਕਦੀ ਸੀ ... ।

- 94171-94812

ਸਫ਼ਾ 5 ਦੀ ਬਾਕੀ — ਨਾਰੀ ਚਿੰਤਨ, ਡੇਰਾਵਾਦ ਤੇ ਕਿਸਾਨੀ ਜੀਵਨ ਯਥਾਰਥ ...

ਹਾਲਾਤ ਵਿੱਚ ਪੰਜਾਬੀ ਬੰਦੇ ਦੇ ਜੂਝਦੇ ਬਿੰਬ ਦੀ ਕਥਾ ਰੂੜ੍ਹੀ ਇਨ੍ਹਾਂ ਨਾਵਲਾਂ ਦੇ ਕੋਂਦਰ ਵਿੱਚ ਹੈ।

ਸਮਕਾਲੀ ਸਮਿਆਂ ਦੀ ਆਪਾਧਾਪੀ ਵਿੱਚ ਪਿੰਡ ਦੇ ਸੱਭਿਆਚਾਰਕ ਮੁੱਲ ਪ੍ਰਬੰਧ ਵਿੱਚ ਆ ਰਹੇ ਨਿਘਾਰ ਨੂੰ ਕਮਿਊਨਿਸਟ ਚਿੰਤਨ ਦੇ ਪ੍ਰਸੰਗ ਵਿੱਚ ਡਾ. ਸੁਰਜੀਤ ਬਰਾੜ ਦਾ ਨਾਵਲ 'ਡੁੱਬ ਰਿਹਾ ਪਿੰਡ' ਪੇਸ਼ ਕਰਦਾ ਹੈ। ਨਾਵਲ ਵਿੱਚ ਬਾਗ਼ਪੁਰ ਪਿੰਡ ਵਰਤਮਾਨ ਦੌਰ ਦੀਆਂ ਗੜਬੜੀਆਂ ਦੇ ਰੰਗਮੰਚ ਵੱਜੋਂ ਪੇਸ਼ ਹੁੰਦਾ ਹੈ, ਜਿੱਥੇ ਸਰਮਾਏਦਾਰ ਕਿਸਾਨੀ ਤੀਰਥ ਵਰਗੇ ਖ਼ੂੰਖਾਰ ਆੜ੍ਹਤੀਏ ਬਣ ਕੇ ਲੋਕਾਂ ਦਾ ਦਮਨ ਕਰਦੀ ਹੈ, ਦਮਨ ਚੱਕਰ ਵਿੱਚ ਉਲਝੇ ਲੋਕ ਬਾਬੇ ਮਲਕੀਤ ਜਿਹੇ ਡੇਰਿਆਂ ਦੀ ਸ਼ਰਨਗਾਹ ਵਿੱਚ ਪੈ ਕੇ ਮਾਨਸਿਕ, ਸਰੀਰਕ ਅਤੇ ਆਰਥਿਕ ਲੁੱਟ ਦੇ ਭਾਗੀ ਬਣਦੇ ਹਨ। ਸੂਚਨਾ ਸੰਸਾਰ ਦੇ ਆਭਾ ਮੰਡਲ ਵਿੱਚ ਦਿਸ਼ਾਹੀਣ ਹੋਈ ਨਵੀਂ ਪੀੜ੍ਹੀ ਵਿਦੇਸ਼ ਜਾਣ ਦੀ ਫਿਰਾਕ ਵਿੱਚ ਇਸ ਧਰਤੀ ਨਾਲ ਸਾਰੀਆਂ ਤੰਦਾਂ ਤੋੜਨ ਵਿੱਚ ਹੀ ਆਪਣੀ ਭਲੀ ਸਮਝਦੀ ਹੈ। ਇਸ ਦੇ ਬਾਵਜੂਦ ਕਾਰਮੇਡ ਜੀਤ, ਪਤਨੀ ਪਲਵਿੰਦਰ ਅਤੇ ਧੀ ਗੁਰਲੀਨ ਆਪਣੇ ਉਦਾਰਵਾਦੀ, ਪ੍ਰਗਤੀਵਾਦੀ ਅਤੇ ਤਰਕਸ਼ੀਲ ਜੀਵਨ ਨਾਲ ਲੋਕ ਹਿੱਤਾਂ ਲਈ ਜੂਝਦੇ ਪਾਤਰ ਹਨ। ਪਿੰਡ ਦੇ ਬਦਲਦੇ ਬਿੰਬ ਦੀ ਤਸਵੀਰਕਸ਼ੀ ਕਰਦਾ ਇਹ ਨਾਵਲ ਬੇਸ਼ੱਕ ਨਾਵਲਕਾਰ ਦੇ ਵਿਚਾਰਧਾਰਕ ਨਿਸ਼ਚੇਵਾਦ ਦੇ ਘੇਰੇ ਤੋਂ ਬਾਹਰ ਨਹੀਂ ਜਾਂਦਾ, ਪਰ ਪੁਰਾਣੇ ਪਿੰਡ ਦੀ ਤਿੜਕ ਅਤੇ ਇਸ ਦੀ ਥਾਂ ਨਵੇਂ ਪਿੰਡ ਦੀ ਵਿਸਥਾਪਨਾ ਨੂੰ ਫੜਨ ਦੇ ਉੱਦਮ ਵਿੱਚ ਕਾਮਯਾਬ ਰਹਿੰਦਾ ਹੈ। ਕਹਾਣੀਕਾਰ ਬਲਵਿੰਦਰ ਸਿੰਘ ਬਰਾੜ ਆਪਣੇ ਨਾਵਲ 'ਟੋਏ-ਟਿੱਬੇ' ਦੁਆਰਾ ਪਿੰਡ ਦੇ ਸਮਾਜਿਕ ਯਥਾਰਥ ਵਿੱਚ ਜਾਤਾਂ ਦੀ ਦਰਜੇਬੰਦੀ ਨਾਲ ਜੁੜੀ ਮਾਨਸਿਕਤਾ ਨੂੰ ਪੇਸ਼ ਕਰਦਾ ਲੋਕ ਜੀਵਨ ਦੀ 'ਟੋਏ ਟਿੱਬੇ' ਵਰਗੀ ਸਥਿਤੀ ਪੇਸ਼ ਕਰਦਾ ਹੈ। ਨਾਵਲ ਵਿੱਚ ਕਿਸਾਨੀ ਪਰਵਾਰ ਦੇ ਪਾਤਰ ਨਿੰਦਰ ਨੂੰ ਆਪਣੀ ਨਵ-ਵਿਆਹੁਤਾ ਪਤਨੀ ਜਸਮੀਤ ਦੀ ਮਾਤਾ ਦੇ ਮਜ਼ਹਬੀ ਹੋਣ ਦਾ ਪਤਾ ਚੱਲਦਾ ਹੈ ਤਾਂ ਉਸ ਦਾ ਪਰਵਾਰ ਇਸ ਰਿਸ਼ਤੇ ਨੂੰ ਤੋੜਨ 'ਤੇ ਉਤਾਰੂ ਹੋ ਜਾਂਦਾ ਹੈ। ਇਸ ਕਸ਼ਮਕਸ਼ ਦੇ ਨਾਲ-ਨਾਲ ਕਿਸਾਨੀ ਜੀਵਨ ਵਿੱਚ ਜਗੀਰੂ ਅਲਾਮਤਾਂ, ਅੰਤਰਜਾਤੀ ਵਿਆਹ ਦੀਆਂ ਉਲਝਣਾਂ, ਔਰਤ-ਮਰਦ ਵਿਤਕਰਾ, ਘਾਟੇ ਦੀ ਕਿਸਾਨੀ, ਨਸ਼ੇਖੋਰੀ ਸਮੇਤ ਘਰੇਲੂ ਕਲੇਸ਼ ਦੀਆਂ ਖੁਦਕੁਸ਼ੀਆਂ ਨੂੰ ਕਰਜ਼ ਤੋਂ ਪ੍ਰੇਸ਼ਾਨ ਕਿਸਾਨੀ ਦੇ ਖਾਤੇ ਪਾ ਕੇ ਲਾਭ ਲੈਣ ਦੀ ਮਾਨਸਿਕਤਾ ਵੀ ਪੇਸ਼ ਹੋਈ ਹੈ। ਮਰਹੂਮ ਨਾਵਲਕਾਰ ਸੁਖਦੇਵ ਸਿੰਘ ਮਾਨ ਦੀ

Calander 2024.qxd 12/30/2023 8:22 PM Page 1

ਨਵਾਂ ਜ਼ਮਾਨਾ 2024

ਡਾ. ਗੁਰਬਖ਼ਸ਼ ਸਿੰਘ ਫਰੈਂਕ

ਜਨਵਰੀ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
	1	2	3	4	5	6
7	8	9	10	11	12	13
14	15	16	17	18	19	20
21	22	23	24	25	26	27
28	29	30	31			

ਫਰਵਰੀ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
				1	2	3
4	5	6	7	8	9	10
11	12	13	14	15	16	17
18	19	20	21	22	23	24
25	26	27	28	29		

ਮਾਰਚ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
31					1	2
3	4	5	6	7	8	9
10	11	12	13	14	15	16
17	18	19	20	21	22	23
24	25	26	27	28	29	30

ਅਪ੍ਰੈਲ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
	1	2	3	4	5	6
7	8	9	10	11	12	13
14	15	16	17	18	19	20
21	22	23	24	25	26	27
28	29	30				

ਮਈ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
			1	2	3	4
5	6	7	8	9	10	11
12	13	14	15	16	17	18
19	20	21	22	23	24	25
26	27	28	29	30	31	

ਜੂਨ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
30						1
2	3	4	5	6	7	8
9	10	11	12	13	14	15
16	17	18	19	20	21	22
23	24	25	26	27	28	29

ਜੁਲਾਈ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
	1	2	3	4	5	6
7	8	9	10	11	12	13
14	15	16	17	18	19	20
21	22	23	24	25	26	27
28	29	30	31			

ਅਗਸਤ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
				1	2	3
4	5	6	7	8	9	10
11	12	13	14	15	16	17
18	19	20	21	22	23	24
25	26	27	28	29	30	31

ਸਤੰਬਰ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
1	2	3	4	5	6	7
8	9	10	11	12	13	14
15	16	17	18	19	20	21
22	23	24	25	26	27	28
29	30					

ਅਕਤੂਬਰ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
		1	2	3	4	5
6	7	8	9	10	11	12
13	14	15	16	17	18	19
20	21	22	23	24	25	26
27	28	29	30	31		

ਨਵੰਬਰ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
					1	2
3	4	5	6	7	8	9
10	11	12	13	14	15	16
17	18	19	20	21	22	23
24	25	26	27	28	29	30

ਦਸੰਬਰ

ਐਤ	ਸੋਮ	ਮੰਗਲ	ਬੁੱਧ	ਵੀਰ	ਸ਼ੁੱਕਰ	ਸ਼ਨੀ
1	2	3	4	5	6	7
8	9	10	11	12	13	14
15	16	17	18	19	20	21
22	23	24	25	26	27	28
29	30	31				

ਪੰਜਾਬ ਸਰਕਾਰ ਦੀਆਂ ਛੁੱਟੀਆਂ

ਲੋਹੜੀ	13 ਜਨਵਰੀ
ਪ੍ਰਕਾਸ਼ ਪੁਰਬ ਗੁਰੂ ਗੋਬਿੰਦ ਸਿੰਘ	17 ਜਨਵਰੀ
ਗਣਤੰਤਰ ਦਿਵਸ	26 ਜਨਵਰੀ
ਬਸੰਤ ਪੰਚਮੀ/ਜਨਮ ਦਿਵਸ ਸਤਿਗੁਰੂ ਰਾਮ ਸਿੰਘ ਜੀ	14 ਫਰਵਰੀ
ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਜੀ	24 ਫਰਵਰੀ
ਮਹਾਂਸ਼ਿਵਰਾਤਰੀ	08 ਮਾਰਚ
ਸ਼ਹੀਦੀ ਦਿਹਾੜਾ ਸ. ਭਗਤ ਸਿੰਘ	23 ਮਾਰਚ
ਹੋਲੀ	25 ਮਾਰਚ
ਵਿਸਾਖੀ	13 ਅਪ੍ਰੈਲ
ਡਾ. ਬੀ. ਆਰ. ਅੰਬੇਡਕਰ ਜਨਮ ਦਿਨ	14 ਅਪ੍ਰੈਲ
ਰਾਮ ਨੌਮੀ	17 ਅਪ੍ਰੈਲ
ਮਹਾਂਵੀਰ ਜੈਯੰਤੀ	21 ਅਪ੍ਰੈਲ
ਗੁੱਡ ਫਰਾਈਡੇ	15 ਅਪ੍ਰੈਲ
ਮਜ਼ਦੂਰ ਦਿਵਸ	1 ਮਈ
ਪਰਸ਼ੂ ਰਾਮ ਜੈਯੰਤੀ	10 ਮਈ
ਬੁੱਧ ਪੂਰਨਿਮਾ	23 ਮਈ
ਸ਼ਹੀਦੀ ਦਿਵਸ ਗੁਰੂ ਅਰਜਨ ਦੇਵ ਜੀ	10 ਜੂਨ
ਈਦ ਉਲ ਫਿਤਰ	11 ਜੂਨ
ਕਬੀਰ ਜੈਯੰਤੀ	22 ਜੂਨ
ਈਦ ਉਲ ਜੂਹਾ	10 ਜੂਨ
ਸ਼ਹੀਦੀ ਦਿਹਾੜਾ ਸ. ਊਧਮ ਸਿੰਘ	31 ਜੁਲਾਈ
ਮੁਹੱਰਮ	17 ਜੁਲਾਈ
ਸੁਤੰਤਰਤਾ ਦਿਵਸ	15 ਅਗਸਤ
ਜਨਮ ਅਸ਼ਟਮੀ	26 ਅਗਸਤ
ਜਨਮ ਦਿਨ ਸ. ਭਗਤ ਸਿੰਘ	28 ਸਤੰਬਰ
ਮਹਾਰਾਜਾ ਅਗਰਸੈਨ ਜੈਯੰਤੀ	03 ਅਕਤੂਬਰ
ਮਹਾਤਮਾ ਗਾਂਧੀ ਜੈਅੰਤੀ	02 ਅਕਤੂਬਰ
ਦੁਸਹਿਰਾ	12 ਅਕਤੂਬਰ
ਮਹਾਂਰਿਸ਼ੀ ਵਾਲਮੀਕਿ ਜੈਯੰਤੀ	17 ਅਕਤੂਬਰ
ਦੀਵਾਲੀ	01 ਨਵੰਬਰ
ਵਿਸ਼ਵਕਰਮਾ ਦਿਵਸ	02 ਨਵੰਬਰ
ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ	15 ਨਵੰਬਰ
ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ	06 ਦਸੰਬਰ
ਕ੍ਰਿਸਮਸ	25 ਦਸੰਬਰ

* ਛੁੱਟੀਆਂ ਮਿਲਾਉਣ ਲਈ ਪੰਜਾਬ ਸਰਕਾਰ ਦਾ ਗਜ਼ਟ ਦੇਖੋ

LOK MANCH ਪੰਜਾਬ

ਲੋਕ ਮੰਚ ਪੰਜਾਬ

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਸੇਵਾ ਵਿੱਚ

lokmanchpunjab@gmail.com

693-GTB Nagar, Jalandhar

98725-49506, 94171-94812

RNI : PUNPUN/2022/82997

ਆਪਣੀ ਆਵਾਜ਼

ਮਾਸਿਕ ਰਸਾਲਾ

Kavlok ਕਾਵਿਲੋਕ

RNI : PUNPUN/2022/83293

ISSN: 2583-8393

ਈ-ਪੇਪਰ ਅਤੇ ਤਿਮਾਹੀ ਰਸਾਲਾ

PUNJAB PUBLISHERS

ਪੰਜਾਬ ਪਬਲਿਸ਼ਰਜ਼

ਚੰਗੇ ਮਿਆਰੀ ਸਾਹਿਤ ਦੀ ਪ੍ਰਕਾਸ਼ਨਾ ਅਤੇ ਪ੍ਰਸਾਰ

ਰੋਜ਼ਾਨਾ ਨਵਾਂ ਜ਼ਮਾਨਾ : ਫੋਨ ਨੰ. ਪ੍ਰਬੰਧਕੀ ਵਿਭਾਗ : 0181-5097302, 5097310, ਈ-ਮੇਲ nawanzamana@gmail.com, web: www. nawanzamana.in